

NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨਿੱਜੀ ਆਜ਼ਾਦੀ ਨੂੰ ਸੁਪਰੀਮ ਕੋਰਟ ਨੇ ਸੰਵਿਧਾਨਿਕ ਫਤਵੇ ਦਾ ਅਹਿਮ ਪੱਖ ਮੰਨਿਆ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਿਰਫ਼ ਇਸ ਲਈ ਕਿਸੇ ਨੂੰ ਗ੍ਰਿਫ਼ਤਾਰ ਕਰਨ ਠੀਕ ਨਹੀਂ ਕਿ ਇਹ ਕਾਨੂੰਨੀ ਤੌਰ ਉੱਤੇ ਜਾਇਜ਼ ਹੈ। ਨਿੱਜੀ ਆਜ਼ਾਦੀ ਸੰਵਿਧਾਨਕ ਫਤਵੇ ਦਾ ਅਹਿਮ ਪੱਖ ਹੈ। ਕੋਰਟ ਨੇ ਕਿਹਾ ਕਿ ਜੇ ਹਰ ਕੇਸ ਵਿੱਚਦੋਸ਼ੀ ਦੀ ਗ੍ਰਿਫ਼ਤਾਰੀ ਕੀਤੀ ਜਾਵੇ ਤਾਂ ਇਹ ਕਿਸੇ ਵਿਅਕਤੀ ਦੇ ਰੁਤਬੇ ਅਤੇ ਆਤਮ-ਸਨਮਾਨ ਨੂੰ ‘ਬੇਹਿਸਾਬ ਠੇਸ’ ਪਹੁੰਚਾ ਸਕਦੀ ਹੈ। ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਰਿਸ਼ੀਕੇਸ਼ ਰਾਏ ਦੇ ਬੈਂਚ ਨੇ ਕਿਹਾ ਕਿ ਜੇ ਕਿਸੇ ਕੇਸ ਦੇ ਜਾਂਚ ਅਫਸਰ ਨੂੰ ਇਹ ਨਹੀਂ ਲਗਦਾ ਕਿ ਦੋਸ਼ੀ ਫਰਾਰ ਹੋ ਜਾਵੇਗਾ ਜਾਂ ਸੰਮਨਾਂ ਦੀ ਪਾਲਣਾ ਨਹੀਂ ਕਰੇਗਾ ਤਾਂ ਉਸ ਨੂੰ ਹਿਰਾਸਤ ਵਿੱਚ ਲੈ ਕੇ ਅਦਾਲਤ ਅੱਗੇ ਪੇਸ਼ ਕਰਨ ਦੀ ਲੋੜ ਨਹੀਂ। ਬੈਂਚ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਇੱਕ ਹੁਕਮ ਵਿੱਚ ਕਿਹਾ ਕਿ ਜਾਂਚ ਦੇ ਦੌਰਾਨ ਕਿਸੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀ ਨੌਬਤ ਓਦੋਂ ਆਉਂਦੀ ਹੈ




ਜਦੋਂ ਹਿਰਾਸਤ ਵਿੱਚ ਪੁੱਛ-ਪੜਤਾਲ ਜ਼ਰੂਰੀ ਹੋਵੇ, ਕੋਈ ਘਿਣਾਉਣਾ ਜੁਰਮ ਹੋਇਆ ਹੋਵੇ, ਇਹ ਸ਼ੱਕ ਹੋਵੇ ਕਿ ਗਵਾਹਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ ਜਾਂ ਦੋਸ਼ੀ ਫਰਾਰ ਹੋ ਸਕਦਾ ਹੈ। ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਇੱਕ ਹੁਕਮ ਦੇ ਖ਼ਿਲਾਫ਼ ਦਾਖਲ ਅਰਜ਼ੀ ਉੱਤੇ ਸੁਣਵਾਈ ਵੇਲੇ ਇਹ ਟਿੱਪਣੀ ਕੀਤੀ। ਹਾਈ ਕੋਰਟ ਨੇ ਇੱਕ ਕੇਸ ਵਿੱਚ ਅਗਾਊ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਕੇਸ ਵਿੱਚ ਸੱਤ ਸਾਲ ਪਹਿਲਾਂ ਸ਼ਿਕਾਇਤ ਦਰਜ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਰੱਦ ਕਰ ਕੇ ਕਿਹਾ ਕਿ ਸ਼ਿਕਾਇਤ ਕਰਤਾ ਅਦਾਲਤ ਜਾਣ ਤੋਂ ਪਹਿਲਾਂ ਜਾਂਚ ਵਿੱਚ ਸ਼ਾਮਲ ਹੋਇਆ ਸੀ ਤੇ ਕੇਸਦਾ ਦੋਸ਼ ਪੱਤਰ ਵੀ ਤਿਆਰ ਸੀ। ਅਦਾਲਤ ਨੇ ਸੁਪਰੀਮ ਕੋਰਟ ਦੇ 1994 ਦੇ ਫ਼ੈਸਲੇ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਕਿਵੇਂ ਕੋਈ ਪੁਲਸ ਅਫਸਰ ਗ੍ਰਿਫ਼ਤਾਰੀ ਨਾਲ ਸਿੱਝ ਸਕਦਾ ਹੈ। ਉਨ੍ਹਾਂ ਇਸ ਬਾਰੇ ਹਾਈ ਕੋਰਟਾਂ ਦੇ ਫ਼ੈਸਲਿਆਂ ਦਾ ਹਵਾਲਾ ਵੀ ਦਿੱਤਾ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਅਦਾਲਤਾਂ ਚਾਰਜਸ਼ੀਟ ਸਵੀਕਾਰ ਕਰਨ ਤੋਂ ਸਿਰਫ਼ ਇਸ ਕਰਕੇ ਇਨਕਾਰ ਨਹੀਂ ਕਰ ਸਕਦੀਆਂ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਅੱਗੇ ਪੇਸ਼ ਨਹੀਂ ਕੀਤਾ ਗਿਆ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca





UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*



# ਅਮਰਿੰਦਰ ਸਿੰਘ ਨੇ ਨਵਜੋਤ ਸਿੱਧੂ ਦੇ ਸਲਾਹਕਾਰਾਂ ਨੂੰ 'ਦੇਸ਼ ਵਿਰੋਧੀ' ਟਿਪਣੀਆਂ ਤੋਂ ਝਾੜਿਆ

* ਮਾਲਵਿੰਦਰ ਮਾਲੀ ਵੱਲੋਂ ਅਮਰਿੰਦਰ ਉੱਤੇ ਮੋੜਵਾਂ ਵਾਰ

ਚੰਡੀਗੜ੍ਹ, 22 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਦੋ ਸਲਾਹਕਾਰਾਂ ਵੱਲੋਂ ਕਸ਼ਮੀਰ ਤੇ ਪਾਕਿਸਤਾਨ ਵਰਗੇ ਸੰਵੇਦਨਸ਼ੀਲ ਕੌਮੀ ਮੁੱਦਿਆਂ ਉਤੇ ਜਾਰੀ ਕੀਤੇ ਬਿਆਨਾਂ ਦਾ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਅਜਿਹੀਆਂ ਟਿੱਪਣੀਆਂ ਵਿਰੁੱਧ ਤਾੜਨਾ ਕੀਤੀ ਹੈ, ਜਿਨ੍ਹਾਂ ਨਾਲ ਪੰਜਾਬ ਤੇਭਾਰਤ ਦੀ ਅਮਨ-ਸ਼ਾਂਤੀ ਤੇ ਸਥਿਰਤਾ ਨੂੰ ਖਤਰਾ ਪੈਦਾ ਹੋ ਸਕਦਾ ਹੈ।ਉਨ੍ਹਾਂ ਨੇ ਸਿੱਧੂ ਨੂੰ ਆਪਣੇ ਸਲਾਹਕਾਰਾਂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਸਲਾਹ ਦੇਣ ਤੱਕ ਸੀਮਿਤ ਰੱਖਣ ਤੇ ਉਨ੍ਹਾਂ ਮੁੱਦਿਆਂ ਉਤੇ ਨਾ ਬੋਲਣ ਲਈ ਕਿਹਾ ਹੈ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਥੋੜ੍ਹਾ ਪਤਾ ਹੈ ਜਾਂ ਜਾਣਕਾਰੀ ਨਹੀਂ ਅਤੇ ਇਨ੍ਹਾਂ ਟਿੱਪਣੀਆਂ ਦੇ ਨਿਕਲ ਰਹੇ ਅਰਥਾਂ ਦੀ ਵੀ ਸਮਝ ਨਹੀਂ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਹ ਪ੍ਰਤੀਕਿਰਿਆ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਡਾ. ਪਿਆਰੇ ਲਾਲ ਗਰਗ ਵੱਲੋਂ ਪਾਕਿਸਤਾਨ ਦੀ ਨਿਖੇਧੀ ਕਰਨ ਬਦਲੇ ਉਨ੍ਹਾਂ (ਅਮਰਿੰਦਰ ਸਿੰਘ) ਨੂੰ ਕੀਤੇ ਸਵਾਲ ਅਤੇ ਇਸ ਤੋਂ ਪਹਿਲਾਂ ਕਸ਼ਮੀਰ ਸਮੱਸਿਆ ਬਾਰੇ ਮਾਲਵਿੰਦਰ ਸਿੰਘ ਮਾਲੀ ਦੇ ਵਿਵਾਦਤ ਬਿਆਨਕਾਰਨਦਿੱਤੀ ਹੈ।ਉਨ੍ਹਾਂ ਨੇ ਮਾਲਵਿੰਦਰ ਸਿੰਘ ਮਾਲੀ ਅਤੇ ਡਾ: ਪਿਆਰੇ ਲਾਲ ਗਰਗ ਦੇ ਬਿਆਨਾਂ ਉਤੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਬਿਆਨ ਪਾਕਿਸਤਾਨ ਅਤੇ ਕਸ਼ਮੀਰ ਬਾਰੇ ਭਾਰਤ ਅਤੇ ਕਾਂਗਰਸ ਦੀ ਪੁਜੀਸ਼ਨ ਦੇ ਬਿਲਕੁਲ ਉਲਟ ਹਨ। ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਸਲਾਹਕਾਰਾਂ ਵੱਲੋਂ ਭਾਰਤ ਦੇ ਹਿੱਤਾਂ ਨੂੰ ਹੋਰ ਨੁਕਸਾਨ ਪੁਚਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਲਗਾਮ ਦੇਣ ਲਈ ਕਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਸੀ ਅਤੇ ਅੱਜ ਵੀ ਹੈ, ਪਰ ਇਸ ਦੇ ਉਲਟ



ਮਾਲਵਿੰਦਰ ਸਿੰਘ ਮਾਲੀ ਨੇ ਪਾਕਿ-ਸਤਾਨ ਦੀ ਹਾਂ ਵਿੱਚ ਹਾਂ ਮਿਲਾਉਣ ਵਾਲਾ ਦੇਸ਼ ਵਿਰੋਧੀ ਬਿਆਨ ਦਿੱਤਾ ਹੈ। ਉਨ੍ਹਾਂ ਮਾਲੀ ਦੀ ਨਿੰਦਾ ਕਰਦਿਆਂ ਕਿਹਾ ਕਿ ਹੋਰ ਪਾਰਟੀਆਂ ਵੱਲੋਂ ਨਹੀਂ, ਕਾਂਗਰਸ ਵੱਲੋਂ ਵੀ ਇਸ ਦੀ ਵਿਆਪਕ ਨਿੰਦਾ ਦੇ ਬਾਵਜੂਦ ਮਾਲੀ ਨੇ ਇਹ ਬਿਆਨ ਵਾਪਸ ਨਹੀਂ ਲਿਆ।

ਏਸੇ ਤਰ੍ਹਾਂ ਉਨ੍ਹਾਂ (ਅਮਰਿੰਦਰ ਸਿੰਘ) ਵੱਲੋਂ ਪਾਕਿਸਤਾਨ ਦੀ ਆਲੋਚ-ਨਾ ਕਰਨਨੂੰ ਡਾ: ਪਿਆਰੇ ਲਾਲ ਗਰਗ ਵੱਲੋਂਪੰਜਾਬ ਦੇ ਹਿੱਤ ਵਿਚ ਨਾ ਦੱਸੇ ਜਾਣ ਵਾਲੇ ਬਿਆਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਜ਼ਮੀਨੀ ਹਕੀਕਤ ਤੋਂ ਬੜੇ ਦੂਰ ਹਨ।ਉਨ੍ਹਾਂ ਕਿਹਾ ਕਿ ਇਹ ਸੱਚ ਹਰ ਪੰਜਾਬੀ ਅਤੇ ਭਾਰਤੀ ਜਾਣਦਾ ਹੈ ਕਿ ਪਾਕਿਸਤਾਨ ਸਾਡੇ ਲਈ ਹਮੇਸ਼ਾ ਖ਼ਤਰਾ ਰਿਹਾ ਹੈਤੇ ਰੋਜ਼ ਸਾਡੇ ਪੰਜਾਬ ਤੇ ਦੇਸ਼ ਵਿੱਚ ਉਥਲ-ਪੁਥਲ ਜਾਂ ਅਸਥਿਰਤਾ ਫੈਲਾਉਣ ਲਈ ਡਰੋਨ ਰਾਹੀਂ ਹਥਿਆਰ ਤੇ ਨਸ਼ੇ ਭੇਜਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ।ਉਨ੍ਹਾ ਨੇ ਗਰਗ ਦੀ ਟਿੱਪਣੀ ਨੂੰ ਤਰਕਹੀਣ ਤੇ ਨਾ-ਵਾਜਿਬ ਮੰਨ ਕੇ ਕਿਹਾ ਕਿ ਪੰਜਾਬ ਦੇ ਫੌਜੀ ਬਾਰਡਰਾਂ ਉੱਤੇ ਪਾਕਿਸਤਾਨੀ ਸ਼ਹਿ ਵਾਲੀਆਂ ਤਾਕਤਾਂ ਹੱਥੋਂ ਜਾਨਾਂ ਗਵਾ ਰਹੇ ਹਨ। ਗਰਗ ਦੇ ਬਿਆਨਾਂ ਨੂੰ ਰਾਜਨੀਤੀ ਤੋਂ ਪ੍ਰੇਰਿਤ ਭੜਕਾਊਤੇ ਗ਼ੈਰ ਜ਼ਿੰਮੇਵਾਰਾਨਾ ਦੱਸ ਕੇ ਮੁੱਖ ਮੰਤਰੀ ਨੇ ਪੰਜਾਬੀ ਫੌਜੀਆਂ ਦੀ ਕੁਰਬਾਨੀ ਨੂੰ ਨਾ ਛੁਟਿਆਉਣ ਦੀ ਅਪੀਲ ਕਰਦੇ ਹੋਏ ਕਿਹਾ, 'ਗਰਗ ਭੁੱਲ ਗਏ ਹਨ ਕਿ ਖਾੜਕੂਆਂ ਹੱਥੋਂ ਹਜ਼ਾਰਾਂ ਪੰਜਾਬੀਆਂ ਨੂੰ ਜਾਨਾਂ ਗਵਾਉਣੀਆਂ ਪਈਆਂ ਸਨ, ਪਰ ਨਾ ਮੈਂ ਭੁੱਲਿਆ ਅਤੇ ਨਾ ਪੰਜਾਬ ਦੇ ਲੋਕ ਭੁੱਲੇ ਹਨ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ ਨੂੰ ਚਿਤਾਵਨੀ ਦੇਣ ਪਿੱਛੋਂ ਵੀ ਸਲਾਹਕਾਰਾਂ ਦੇ ਤੇਵਰ ਓਸੇ ਤਰ੍ਹਾਂ ਹਨ। ਐਤਵਾਰ ਰਾਤ ਮਾਲਵਿੰਦਰ ਸਿੰਘ ਮਾਲੀ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ ਹੈ, 'ਤੂ ਇਧਰ-ਉਧਰ ਕੀ ਤੋ ਬਾਤ ਨਾ ਕਰ, ਯੇ ਬਤਾ ਕਾਫਿਲਾ ਕਿਉਂ ਲੁਟਾ।' ਮਾਲੀ ਨੇ ਲਿਖਿਆ ਕਿ "ਕਸ਼ਮੀਰ ਅਤੇ ਪਾਕਿਸਤਾਨ ਬਾਰੇ ਵਿਚਾਰਾਂ ਵਿਚ ਮਤਭੇਦ ਹਨ ਤੇ ਭਾਰਤ ਦਾ ਸੰਵਿਧਾਨ ਇਸ ਉੱਤੇ ਬੋਲਣ ਦਾ ਹੱਕ ਦਿੰਦਾ ਹੈ ਅਤੇ ਜੇ ਤੁਹਾਡੇ (ਮੁੱਖ ਮੰਤਰੀ ਅਮਰਿੰਦਰ ਸਿੰਘ) ਦੇ ਵਿਚਾਰਾਂ ਨਾਲ ਸਹਿਮਤੀ ਹੋ ਵੀ ਹੋਵੇ ਤਾਂ ਇਹ ਦੱਸੋ ਕਿ ਪੰਜਾਬ ਨੂੰ ਉਜਾੜੇ ਵੱਲ ਕਿਸ ਨੇ ਤੇ ਕਿਉਂ ਧੱਕਿਆ ਹੈ। ਪੰਜਾਬ ਦੇ ਸਿਰਤਿੰਨ ਲੱਖ ਕਰੋੜ ਰੁਪਏ ਕਰਜ਼ਾ ਕਿਸਨੇ ਅਤੇ ਕਿਉਂ ਚੜ੍ਹਾਇਆ ਹੈ? ਪੰਜਾਬ ਦੇ ਨੌਜਵਾਨਾਂ ਦੀ ਵਿਦੇਸ਼ਾਂ ਵੱਲ ਦੌੜ ਕਿਉਂ ਹੈ, ਪੰਜਾਬ ਦਾ ਕਿਸਾਨ-ਮਜਦੂਰ ਖੁਸ਼ਕੁਸ਼ੀਆਂ ਦੇ ਰਾਹ ਕਿਉਂ ਪੈ ਗਿਆ ਤੇ ਪੰਜਾਬੀ ਦਿੱਲੀਦੇ ਬਾਰਡਰ ਉੱਤੇਬੇਘਰ ਹੋ ਕੇ ਕਿਉਂ ਬੈਠੇ ਹਨ, ਕੀ ਇਹ ਸਭ ਪਾਕਿਸਤਾਨ ਦੇ ਇਸ਼ਾਰੇ ਉੱਤੇ ਕਰ ਰਹੇ ਹਨ, ਅਰੂਸਾ ਆਲਮ ਦੀ ਮੈਂ ਗੱਲ ਨਹੀਂ ਕਰ ਰਿਹਾ।"

## ਅੱਜ ਨਾਮਾ >>

ਤਾਲਿਬਾਨ ਦੀ ਡਿੱਠੀ ਜਦ ਚੜ੍ਹਤ ਹੋਈ,
ਪਾਕਿ ਵਿੱਚ ਵੀ ਪੁੱਜ ਗਿਆ ਰੋਗ ਬੇਲੀ।
ਕੱਟੜਪੰਥੀਆਂ ਚੁੱਕ ਲਈ ਉੱਧੜ-ਧੁੰਮੀ,
ਲੱਗ ਪਏ ਡਰਨ ਸ਼ਰੀਫ ਆ ਲੋਗ ਬੇਲੀ।
ਅਗਲਾ ਓਥੇ ਵਿਕਾਸ ਕੁਝ ਹੋਊ ਕਿੱਦਾਂ,
ਪੈਂਦਾ ਪਹਿਲਾ ਜਦ ਜਾਪਦਾ ਭੋਗ ਬੇਲੀ।
ਫਿਰਕੂਪੁਣੇ ਦੀ ਪੈਂਦੀ ਇਹ ਬਿੱਜ ਓਧਰ,
ਮਿਲਦੀ ਜਿੱਥੇ ਨਾ ਚੁਗਣ ਨੂੰ ਚੋਗ ਬੇਲੀ।
ਚੜ੍ਹਤਲ ਹੁੰਦੀ ਪਈ ਆਂਢ-ਗਵਾਂਢ ਜਿੱਦਾਂ,
ਵਧਦੀ ਜਾਂਦੀ ਆ ਅੱਗੇ ਪਈ ਲਾਗ ਬੇਲੀ।
ਅਵੇਸਲਾ ਸੌਣ ਦਾ ਵਕਤਨਾ ਰਿਹਾ ਬੇਲੀ,
ਸੁੱਤਿਆ ਭਾਰਤ ਦੇ ਵਾਸੀਆ ਜਾਗ ਬੇਲੀ।

**ਤੀਸ ਮਾਰ ਖਾਂ**

## ਪਾਕਿਸਤਾਨ ਦੇ ਤਰਲੇ ਉੱਤੇ ਤਾਲਿਬਾਨ ਨੇ ਤਹਿਰੀਕ-ਏ-ਤਾਲਿਬਾਨ ਨੂੰ ਘੂਰਿਆ

ਇਸਲਾਮਾਬਾਦ, 22 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਕਬਜ਼ਾਕਰ ਚੁੱਕੇ ਤਾਲਿਬਾਨ ਨੇ ਪਾਕਿ-ਸਤਾਨ ਦੇ ਸ਼ਿਕਵੇ ਦੂਰ ਕਰਨ ਲਈ ਤਿੰਨ ਮੈਂਬਰੀ ਕਮਿਸ਼ਨ ਬਣਾਇਆ ਹੈ। ਪਾਕਿਸਤਾਨ ਦੀ ਸ਼ਿਕਾਇਤ ਹੈ ਕਿ ਉਸ ਦੇਸ਼ ਵਿੱਚ ਤਹਿਰੀਕ-ਏ-ਤਾਲਿਬਾਨ (ਟੀ ਟੀ ਪੀ) ਆਮ ਤੌਰ ਉੱਤੇ'ਪਾਕਿਸਤਾਨੀ ਤਾਲਿਬਾਨ'ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਸੰਗਠਨ ਅਫ਼ਗਾਨਿਸਤਾਨ ਦੀ ਜ਼ਮੀਨ ਨੂੰ ਸਰਹੱਦ ਪਾਰ ਅੱਤਵਾਦ ਲਈ ਵਰਤਦਾ ਹੈ।

ਵਾਇਸ ਆਫ ਅਮਰੀਕਾ ਨੇ ਇਸਲਾਮਾਬਾਦ ਵਿਚਲੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਅਫ਼ਗਾਨਿਸਤਾਨ ਦੀ ਵਾਗ ਸੰਭਾਲ ਚੁੱਕੇ ਤਾਲਿਬਾਨ ਨੇ ਇੱਕ ਕਮਿਸ਼ਨ ਬਣਾਉਣ ਦੇ ਨਾਲਟੀ ਟੀ ਪੀ ਨੇਤਾਵਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪਾਕਿ-ਸਤਾਨ ਨਾਲ ਹਿਸਾਬ ਬਰਾਬਰ ਕਰਨ ਦੀ ਕੋਸ਼ਿਸ਼ ਨਾ ਕਰਨ ਅਤੇ ਆਪਣੇ ਪਰਿਵਾਰ ਨਾਲ ਅਫ਼ਗਾਨਿਸਤਾਨ ਨੂੰ ਮੁੜ ਆਉਣ। ਇਸ ਬਾਰੇ ਵਾਇਸ ਆਫ ਅਮਰੀਕਾ ਦੀ ਖ਼ਬਰਹੈ ਕਿਤਾਲਿਬਾਨ ਨੇ ਪਾਕਿਸਤਾਨ ਵਿਰੋਧੀ ਸੰਗਠਨ ਟੀ ਟੀ ਪੀ ਨੂੰ ਪਾਕਿਸਤਾਨ ਦੇ ਖ਼ਿਲਾਫ਼ ਚੱਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਅਫ਼ਗਾਨਿਸਤਾਨ ਮੁੜਨ ਦੇ ਲਈ ਕਿਹਾ ਹੈ।

ਓਧਰ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਹਿਦ ਹਾਫਜ਼ੀ ਚੌਧਰੀ ਨੇ ਕਿਹਾ ਹੈ ਕਿ ਪਿਛਲੀ ਅਫ਼ਗਾਨ ਸਰਕਾਰ ਦੇ ਸਾਹਮਣੇ ਅਸੀਂ ਟੀ ਟੀ ਪੀਵੱਲੋਂ ਪਾਕਿਸਤਾਨ ਦੇ ਖ਼ਿਲਾਫ਼ ਅੱਤਵਾਦੀ ਸਰਗਰਮੀਆਂਲਈ ਅਫ਼ਗਾਨੀ ਜ਼ਮੀਨ ਵਰਤਣ ਦਾ ਮੁੱਦਾ ਚੁੱਕਦੇ ਰਹੇ ਹਾਂ ਤੇ ਇਹ ਮੁੱਦਾ ਨੂੰ ਅਫ਼ਗਾਨਿਸਤਾਨ ਦੀ ਭਵਿੱਖ ਦੀ ਸਰਕਾਰ ਅੱਗੇ ਵੀ ਚੁੱਕਾਂਗੇ ਤੇ ਉਨ੍ਹਾਂ ਨੂੰ ਇਹ ਯਕੀਨੀ ਕਰਨਨੂੰ ਕਹਾਂਗੇ ਕਿ ਭਵਿੱਖ ਵਿੱਚਟੀ ਟੀ ਪੀ ਨੂੰ ਅਫ਼ਗਾਨੀ ਧਰਤੀ ਨੂੰਪਾਕਿ ਦੇਖ਼ਿਲਾਫ਼ ਨਾ ਵਰਤਣ ਦਿੱਤਾ ਜਾਵੇ। ਪਾਕਿ ਸਰਕਾਰ ਦੀ ਤਰਲੇ ਵਰਗੀ ਅਪੀਲ ਉੱਤੇ ਤਾਲਿਬਾਨ ਨੇ ਟੀ ਟੀ ਪੀ ਨੂੰ ਪਹਿਲੀ ਘੂਰੀ ਵੱਟੀ ਹੈ।

## ਗੰਨਾ ਕਿਸਾਨਾਂ ਤੇ ਪੰਜਾਬ ਸਰਕਾਰ ਵਿਚਾਲੇ ਪਹਿਲੀ ਮੀਟਿੰਗ ਬੇਨਤੀਜਾ ਰਹੀ

* ਪੰਜਾਬ ਵਿੱਚ ਸੜਕਾਂ ਅਤੇ ਰੇਲਾਂ ਉੱਤੇ ਧਰਨੇ ਜਾਰੀ

ਚੰਡੀਗੜ੍ਹ, 22 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਗੰਨਾ ਕਿਸਾਨਾਂ ਅਤੇ ਪੰਜਾਬ ਸਰਕਾਰ ਵਿਚਾਲੇ ਅੱਜ ਚੰਡੀਗੜ੍ਹ ਦੇ ਪੰਜਾਬ ਭਵਨ ਵਿਚ ਕੀਤੀ ਗਈ ਪਹਿਲੀ ਮੀਟਿੰਗ ਬੇਨਤੀਜਾ ਰਹੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਪੰਜਾਬ ਸਰਕਾਰ ਅਤੇ ਕਿਸਾਨਾਂ ਵਿਚਾਲੇ ਗੰਨੇ ਦੀ ਲਾਗਤ ਅਤੇ ਮੁੱਲ ਬਾਰੇ ਕਾਫ਼ੀ ਦੇਰ ਚਰਚਾ ਹੁੰਦੀ ਰਹੀ, ਜਿਸ ਵਿੱਚ ਕਿਸਾਨ ਦਾਅਵਾ ਕਰਦੇ ਸਨ ਕਿ ਗੰਨੇ ਦੀ ਪੈਦਾਵਾਰ ਲਾਗਤ 385 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਪੈਂਦੀ ਹੈ, ਪਰ ਸਰਕਾਰ ਮੰਨਦੀ ਸੀ ਕਿ 350 ਰੁਪਏ ਪ੍ਰਤੀ ਕੁਇੰਟਲ ਲਾਗਤ ਪੈ ਸਕਦੀ ਹੈ। ਕਾਫ਼ੀ ਦੇਰ ਚੱਲੀ ਮੀਟਿੰਗ ਦੌਰਾਨ ਕਿਸਾਨ ਅੜੇ ਰਹੇ ਕਿ ਗੰਨੇ ਦਾ ਭਾਅ 400 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ। ਕੋਈ ਹੱਲ ਨਾ ਨਿਕਲਦਾ ਵੇਖ ਕੇ ਮੀਟਿੰਗ ਨੂੰ ਬੇਨਤੀਜਾ ਮੁਲਤਵੀ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਗੰਨੇ ਦੀ ਕੀਮਤ ਵਿੱਚ ਵਾਧਾ ਅਤੇ ਬਕਾਏ ਲੈਣ ਲਈ ਪੰਜਾਬ ਸਰਕਾਰ ਦੇ ਖਿਲਾਫ ਜਲੰਧਰ ਦਿੱਲੀ ਨੈਸ਼ਨਲ-ਹਾਈਵੇਅ ਉੱਤੇ ਲੱਗੇ ਧਰਨੇ ਲਗਾਤਾਰ ਜਾਰੀ ਹਨ। ਕਿਸਾਨਾਂ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਮੰਗਲਵਾਰ ਸਵੇਰ ਤੱਕ ਜੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਪੂਰੇ ਪੰਜਾਬ ਵਿਚਲੇ ਹਾਈਵੇਅ ਜਾਮ ਕੀਤੇ ਜਾਣਗੇ।

ਇਸ ਦੌਰਾਨ ਜਲੰਧਰ ਵਿੱਚ ਧੰਨੋਵਾਲੀ ਰੇਲਵੇ ਫਾਟਕ ਅਤੇ ਜਲੰਧਰ-ਦਿੱਲੀ ਨੈਸ਼ਨਲ ਹਾਈਵੇਅ ਪੂਰਾ ਬੰਦ ਕੀਤਾ ਗਿਆ ਹੈਤੇ ਰੱਖੜੀ ਦਾ ਤਿਉਹਾਰ ਹੋਣ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਵੀ ਕਰਨਾ ਪਿਆ ਹੈ। ਜਲੰਧਰ ਦੇ ਨੈਸ਼ਨਲ ਹਾਈਵੇਅ ਪੂਰੀ ਤਰ੍ਹਾਂ ਜਾਮ ਹੋਣ ਕਾਰਨ ਪ੍ਰਸ਼ਾਸਨ ਨੇ ਟ੍ਰੈਫਿਕ ਡਾਈਵਰਟ ਕੀਤਾ ਅਤੇ ਕਈ ਟ੍ਰੇਨਾਂ ਵੀ ਰੱਦ ਕਰ ਦਿੱਤੀਆਂ ਹਨ, ਜਦ ਕਿ ਕਈ ਟਰੇਨਾਂ ਦਾ ਰੂਟ ਬਦਲਿਆ ਗਿਆ ਹੈ।

## ਚੀਨ ਵਿੱਚ ਤਿੰਨ ਬੱਚੇ ਪੈਦਾ ਕਰਨ ਦੀ ਖੁੱਲ੍ਹ, ਪੜ੍ਹਾਈ ਦਾ ਬੋਝ ਸਰਕਾਰ ਉਠਾਵੇਗੀ

ਬੀਜਿੰਗ, 22 ਅਗਸਤ (ਪੋਸਟ ਬਿਊਰੋ)- ਚੀਨ ਵਿੱਚ ਇੱਕ ਬੱਚੇ ਦੀ ਨੀਤੀ ਖਤਮ ਕਰਨ ਤੋਂ ਬਾਅਦ ਲੋਕ ਤਿੰਨ ਬੱਚੇ ਵੀ ਪੈਦਾ ਕਰ ਸਕਣਗੇ। ਇਸ ਬਾਰੇ ਚੀਨ ਸਰਕਾਰ ਨੇ ਕੱਲ੍ਹ ਤਿੰਨ ਬੱਚਿਆਂ ਦੀ ਨੀਤੀ ਲਾਗੂ ਕਰ ਦਿੱਤੀ ਹੈ। ਇਸ ਦੇਸ਼ ਦੀ ਬਜ਼ੁਰਗ ਹੁੰਦੀ ਆਬਾਦੀ ਤੇ ਤੇਜ਼ੀ ਨਾਲ ਡਿਗਦੀ ਜਨਮਦਰ ਬਾਰੇ ਚੀਨ ਨੇ ਇਹ ਪਾਲਿਸੀ ਪ੍ਰਵਾਨ ਕਰ ਲਈ ਹੈ। ਇਹੀ ਨਹੀਂ, ਲੋਕਾਂ ਨੂੰ ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕਰਨ ਲਈ ਸਰਕਾਰ ਨੇ ਆਰਥਿਕ ਮਦਦ ਦੇਣ ਦੇ



ਵੀ ਉਪਾਅ ਲਾਗੂ ਕੀਤੇ ਹਨ। ਨਵੇਂ ਕਾਨੂੰਨ ਮੁਤਾਬਿਕ ਮਾਤਾ-ਪਿਤਾ ਉੱਤੇ ਬੱਚਿਆਂ ਦੇ ਪਲਾਣ ਅਤੇ ਪੜ੍ਹਾਈ ਦਾ ਜ਼ਿਆਦਾ ਬੋਝ ਨਾ ਪਵੇ, ਇਸ ਲਈ ਸਰਕਾਰ ਬੀਮਾ, ਸਿੱਖਿਆ, ਘਰ ਤੇ ਰੋਜ਼ਗਾਰ ਦੇ ਕਈ ਖੇਤਰਾਂ ਵਿੱਚ ਉਨ੍ਹਾਂ ਦੀ ਮਦਦ ਕਰੇਗੀ। ਅਸਲ ਵਿੱਚ ਇੱਕ ਬੱਚੇ ਦੀ ਨੀਤੀ ਕਾਰਨ ਤਿੰਨ ਦਹਾਕਿਆਂ ਵਿੱਚ ਕਰੀਬ 40 ਕਰੋੜ ਜਨਮ ਰੋਕੇ ਗਏ ਹਨ। ਚੀਨ ਵਿੱਚ ਇੱਕ ਦਹਾਕੇ ਬਾਅਦ ਜਨਗਣਨਾ ਕੀਤੀ ਜਾਂਦੀ ਹੈ, ਜਿਸ ਮੁਤਾਬਿਕ ਪਿਛਲੇ ਦਹਾਕੇ ਵਿੱਚ ਉਥੇ ਦੀ ਆਬਾਦੀ ਵਾਧੇ ਦੀ ਦਰ ਸਭ ਤੋਂ ਹੌਲੀ ਰਹੀ ਹੈ। ਇਸ ਪਿੱਛੋਂ ਚੀਨ ਨੇ ਆਪਣੀ ਦੋ ਬੱਚਿਆਂ ਦੀ ਨੀਤੀ ਪੰਜ ਸਾਲ ਵਿੱਚ ਬਦਲ ਦਿੱਤੀ ਹੈ। ਚੀਨ ਵਿੱਚ ਬੱਚਿਆਂ ਬਾਰੇ ਪਹਿਲੀ ਪਾਲਿਸੀ 70 ਦੇ ਦਹਾਕੇ ਦੇ ਅੰਤ ਵਿੱਚ ਬਣਾਈ ਗਈ ਸੀ।

## ਦਿੱਲੀ ਗੁਰਦੁਆਰਾ ਚੋਣਾਂ ਸ਼ਾਂਤਮਈ ਸਿਰੇ ਚੜ੍ਹੀਆਂ, 37.27 ਫੀਸਦੀ ਵੋਟਿੰਗ, ਨਤੀਜਾ 25 ਨੂੰ

ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰੁਦਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅੱਜ ਐਤਵਾਰ ਨੂੰ ਸ਼ਾਂਤਮਈ ਢੰਗ ਨਾਲ ਸਿਰੇ ਚੜ੍ਹ ਗਈਆਂ।ਭਾਰਤ ਦੀ ਰਾਜਧਾਨੀ ਵਿੱਚ ਗੁਰਦੁਆਰਾ ਕਮੇਟੀ ਚੋਣਾਂ ਲਈ ਬਣਾਏ 46 ਵਾਰਡਾਂ ਵਿੱਚੋਂ ਕੁੱਲ 37.27 ਫੀਸਦੀ ਪੋਲਿੰਗ ਹੋਈ। ਸ਼ਾਇਦ ਰੱਖੜੀ ਦੇ ਤਿਉਹਾਰ ਕਾਰਨ ਵੋਟਰ ਘਰਾਂ ਤੋਂ ਘੱਟ ਨਿਕਲੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕੁੱਲ 1,27,472 ਵੋਟਾਂ ਪੋਲ ਹੋਈਆਂ।ਸਾਲ 2017 ਦੀਆਂ ਚੋਣਾਂ ਵਿੱਚ 45.61 ਫੀਸਦੀ ਪੋਲਿੰਗ ਦੇ ਮੁਕਾਬਲੇ ਇਸ ਵਾਰ ਲਗਭਗ ਅੱਠ ਫੀਸਦੀ ਘੱਟ ਪੋਲਿੰਗ ਹੋਈ ਹੈ।



ਅੱਜ ਦੀ ਚੋਣ ਵਿੱਚ ਦਿੱਲੀ ਦਾ ਸਭ ਤੋਂ ਹਾਟ-ਵਾਰਡ ਅਤੇ ਵੀ ਆਈ ਪੀ ਸੀਟ ਸਮਝੇ ਜਾਂਦੇ ਪੰਜਾਬੀ ਬਾਗ ਹਲਕੇ ਵਿੱਚ ਸਭ ਤੋਂ ਵੱਧ 54.10 ਫੀਸਦੀ ਵੋਟ ਪਏ, ਜਿੱਥੇਦਿੱਲੀ ਗੁਰੁਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਦੀ ਟੱਕਰ ਹੈ। ਦੂਸਰੇ ਨੰਬਰ ਉੱਤੇ ਤ੍ਰੀਨਗਰ ਵਾਰਡ ਵਿੱਚ 51.21 ਫੀਸਦੀ ਪੋਲਿੰਗ ਹੋਈ, ਜਿੱਥੇ ਗੁਰਦੁਆਰਾ ਕਮੇਟੀ ਦੇ ਸਾਬਕਾ ਜਨਰਲਸੈਕਟਰੀ ਗੁਰਮੀਤ ਸਿੰਘ ਸ਼ੰਟੀ ਆਜ਼ਾਦ ਜਿੱਤਦੇ ਰਹੇ ਹਨ, ਪਰ ਐਤਕੀਂ ਉਹ ਸਰਨਾ ਭਰਾਵਾਂ ਦੀ ਅਗਵਾਈ ਵਾਲੇ ਅਕਾਲੀ ਦਲ (ਦਿੱਲੀ) ਵੱਲੋਂਖੜੇ ਹਨ।ਤੀਸਰੇ ਨੰਬਰ ਉੱਤੇ ਲਾਜਪਤ ਨਗਰ ਵਾਰਡ ਵਿੱਚ 50.69 ਫੀਸਦੀ ਅਤੇ ਚੌਥੇ ਨੰਬਰ ਉੱਤੇ ਹਰੀਨਗਰ ਵਿੱਚ 50.46 ਫੀਸਦੀ ਪੋਲਿੰਗ ਹੋਈ। ਇਹ ਸੀਟ ਅੱਜ ਤੱਕ ਤਖਤ ਪਟਨਾ ਸਾਹਿਬ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਕੋਲ ਸੀ। ਉਹ ਪਿਛਲੇ ਕਈ ਸਾਲਾਂ ਤੋਂ ਜਿੱਤਦੇ ਰਹੇ ਹਨ। ਸਭ ਤੋਂ ਘੱਟ 25.18 ਫੀਸਦੀ ਵੋਟਾਂ ਸ਼ਾਮ ਨਗਰ ਵਿੱਚ ਪਈਆਂ।

ਦਿੱਲੀ ਦੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਮੁਤਾਬਕ ਸਭ 46 ਵਾਰਡਾਂ ਵਿੱਚ ਪੋਲਿੰਗ ਸਵੇਰੇ 8 ਵਜੇ ਸ਼ੁਰੂ ਹੋ ਕੇ ਸ਼ਾਮ 5 ਵਜੇ ਤੱਕ ਚੱਲਦੀ ਰਹੀ ਹੈ। ਕੁੱਲ 312 ਉਮੀਦਵਾਰ ਸਨ।ਇਨ੍ਹਾਂ ਚੋਣਾਂ ਵਿੱਚ 6 ਧਾਰਮਿਕ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ (ਦਿੱਲੀ), ਜਾਗੋ ਪਾਰਟੀ, ਪੰਥਕ ਲਹਿਰ ਆਦਿ ਨੇ ਚੋਣ ਲੜੀ ਹੈ। ਉਕਤ ਪਾਰਟੀਆਂ ਨੇ 180 ਉਮੀਦਵਾਰ ਖੜੇ ਕੀਤੇ ਤੇ 132 ਉਮੀਦਵਾਰ ਆਜ਼ਾਦ ਸਨ।ਦਿੱਲੀ ਗੁਰੁਦਆਰਾ ਪ੍ਰਬੰਧਕ ਕਮੇਟੀ ਦੇ ਦੋ ਸਾਬਕਾ ਪ੍ਰਧਾਨਾਂ ਤੇ ਇਕ ਅਜੋਕੇ ਪ੍ਰਧਾਨ ਨੇ ਵੀ ਚੋਣ ਲੜੀ ਹੈ। ਇਨ੍ਹਾਂ ਵਿੱਚੋਂ ਮਨਜਿੰਦਰ ਸਿੰਘ ਸਿਰਸਾ ਅਕਾਲੀ ਦਲ (ਬਾਦਲ) ਵੱਲੋਂ, ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਅਤੇ ਇਕ ਹੋਰ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਜਾਗੋ ਪਾਰਟੀ ਵੱਲੋਂ ਚੋਣ ਲੜ ਰਹੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: granduphölsery@gmail.com

## ਕੈਨੇਡਾ ਨੇ 1100 ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਿਆ : ਮੈਂਡੀਸਿਨੋ

ਸਫਾ 1 ਦੀ ਬਾਕੀ...
ਲਿਬਰਲ ਆਗੂ ਜਸਟਿਨ ਟਰੂਡੋ ਇਨ੍ਹਾਂ ਲਈ ਕਾਬੁਲ ਏਅਰਪੋਰਟ ਉੱਤੇ ਤਾਲਿਬਾਨ ਦੀ ਮੌਜੂਦਗੀ ਨੂੰ ਜ਼ਿੰਮੇਵਾਰ ਦੱਸਦੇ ਹਨ। ਮੈਂਡਿਸਿਨੋ ਨੇ ਅੱਗੇ ਦੱਸਿਆ ਕਿ ਵੀਰਵਾਰ ਤੋਂ ਫਲਾਈਟਸ ਸ਼ੁਰੂ ਹੋਣ ਤੋਂ ਬਾਅਦ ਤੋਂ ਹੀ ਤਿੰਨ ਜਹਾਜ਼ਾਂ ਵਿੱਚ 400 ਲੋਕਾਂ ਨੂੰ ਦੇਸ਼ ਤੋਂ ਬਾਹਰ ਲਿਆਂਦਾ ਜਾ ਚੁੱਕਿਆ ਹੈ।

ਐਤਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਮੈਂਡੀਸਿਨੋ ਨੇ ਪੱਤਰਕਾਰਾਂ ਨੂੰ ਆਖਿਆ ਕਿ ਜਦੋਂ 19 ਅਗਸਤ ਨੂੰ ਕੈਨੇਡਾ ਦੀਆਂ ਫਲਾਈਟਸ ਸ਼ੁਰੂ ਹੋਈਆਂ ਤਾਂ 175 ਅਫਗਾਨੀ ਤੇ 13 ਵਿਦੇਸ਼ੀ ਨਾਗਰਿਕਾਂ ਨੂੰ ਕਾਬੁਲ ਤੋਂ ਇੱਧਰ ਲਿਆਂਦਾ ਗਿਆ, 106 ਲੋਕਾਂ ਨੂੰ ਸ਼ੁੱਕਰਵਾਰ ਨੂੰ ਉੱਥੋਂ ਬਾਹਰ ਕੱਢਿਆ ਗਿਆ ਤੇ 121 ਅਫਗਾਨੀਆਂ ਨੂੰ ਸ਼ਨਿੱਚਰਵਾਰ ਨੂੰ ਕੈਨੇਡਾ ਲਿਆਂਦਾ ਗਿਆ। ਇਸ ਦੌਰਾਨ ਅਮਰੀਕਾ ਦੇ ਮੇਜਰ ਜਨਰਲ ਵਿਲੀਅਮ ਟੇਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 17000 ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਿਆ ਜਾ ਚੁੱਕਿਆ ਹੈ, ਜਿਨ੍ਹਾਂ ਵਿੱਚੋਂ 2500 ਅਮਰੀਕੀ ਨਾਗਰਿਕ ਹਨ।

## ਕੈਂਪੇਨ ਦੇ ਸੱਤਵੇਂ ਦਿਨ ਵਾਧੂ ਖਰਚਿਆਂ ਤੇ ਅਫਗਾਨਿਸਤਾਨ ਦੇ ਹਾਲਾਤ ਨੂੰ ਸਹੀ ਢੰਗ ਨਾਲ ਨਾ ਸਾਂਭਣ ਦੇ ਦੋਸ਼ ਰਹੇ ਭਾਰੂ

ਸਫਾ 1 ਦੀ ਬਾਕੀ...
ਦੀ ਕਾਰ ਲੈਣ ਦੀ ਕੀ ਲੋੜ ਸੀ। ਇਸ ਤੋਂ ਇਲਾਵਾ ਪਹਿਲੀ ਫਰਵਰੀ 2019 ਨੂੰ 218,000 ਡਾਲਰ ਮਨਿਸਟੀਰੀਅਲ ਆਫਿਸ ਦੇ ਫਰਨੀਚਰ ਉੱਤੇ ਖਰਚਣ ਉੱਤੇ ਵੀ ਕੰਜ਼ਰਵੇਟਿਵਾਂ ਨੇ ਇਤਰਾਜ਼ ਪ੍ਰਗਟਾਇਆ। ਉਸ ਸਾਲ ਹੀ ਜੌਰਡਨ ਨੇ ਨਵੰਬਰ ਵਿੱਚ ਇਹ ਅਹੁਦਾ ਸਾਂਭਿਆ ਸੀ।

ਇਸ ਉੱਤੇ ਲਿਬਰਲਾਂ ਨੇ ਆਖਿਆ ਕਿ ਕੰਜ਼ਰਵੇਟਿਵ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ। ਲਿਬਰਲਾਂ ਦੇ ਬੁਲਾਰੇ ਬਰੁੱਕ ਸਿੰਪਸਨ ਨੇ ਆਖਿਆ ਕਿ ਜਦੋਂ ਜੌਰਡਨ ਮੰਤਰੀ ਬਣੀ ਤਾਂ ਉਨ੍ਹਾਂ ਕੋਲ ਕਾਰ ਨਹੀਂ ਸੀ ਇਸ ਲਈ ਇਹ ਕਾਰ ਉਨ੍ਹਾਂ ਦੀ ਵਰਤੋਂ ਲਈ ਖਰੀਦੀ ਗਈ। ਇਸ ਤੋਂ ਇਲਾਵਾ ਜੌਰਡਨ ਦੇ ਆਫਿਸ ਸਾਂਭਣ ਤੋਂ ਪਹਿਲਾਂ ਹੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ।

## ਭਾਰਤ ਵਿੱਚ ਕੋਰੋਨਾ ਵਾਇਰਸ ਦੀ ਤੀਸਰੀ ਲਹਿਰ ਦਾ ਖਤਰਾ ਵਧਿਆ

*** ਨੀਤੀ ਆਯੋਗ ਨੂੰ ਰੋਜ਼ਾਨਾ 4 ਲੱਖ ਕੇਸ ਆਉਣ ਦਾ ਡਰ * 2 ਲੱਖ ਬੈੱਡ ਐਮਰਜੈਂਸੀ ਲਈ ਤਿਆਰ ਰੱਖਣ ਨੂੰ ਕਿਹਾ**



ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਕੋਰੋਨਾਵਾਇਰਸ ਦੀ ਇਨਫੈਕਸ਼ਨ ਦੀ ਦੂਸਰੀ ਲਹਿਰ ਦੇ ਕਾਰਨ ਭਾਰਤ ਅਤੇ ਸੰਸਾਰ ਭਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਪ੍ਰਭਾਵਤ ਹੋਏ ਅਤੇ ਭਾਰਤ ਵਿੱਚਦੂਸਰੀ ਲਹਿਰ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਮੌਤਾਂ ਵੀ ਹੋਈਆਂ ਸਨ। ਅੱਗੋਂ ਇਸ ਦੀ ਤੀਸਰੀ ਲਹਿਰ ਦਾ ਸ਼ੱਕ ਪ੍ਰਗਟ ਕੀਤਾ ਗਿਆ ਹੈ।ਭਾਰਤ ਦੇ ਨੀਤੀ ਆਯੋਗ ਦੇ ਮੈਂਬਰ ਵੀਕੇ ਪਾਲ ਨੇ ਦੇਸ਼ ਦੀ ਸਰਕਾਰ ਨੂੰ ਕੋਰੋਨਾ ਦੀ ਲਾਗ ਨਾਲ ਨਜਿੱਠਣ ਲਈ ਕੁਝ ਸੁਝਾਅ ਦਿੱਤੇ ਅਤੇ ਕਿਹਾ ਹੈ ਕਿ ਭਵਿੱਖ ਵਿੱਚ ਹਰ 100 ਕੋਰੋਨਾ ਕੇਸਾਂ ਵਿੱਚੋਂ 23 ਕੇਸਾਂ ਨੂੰ ਹਸਪਤਾਲਜਾਣਾ ਪੈ ਸਕਦਾ ਹੈ।

ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਦੇ ਅਨੁਸਾਰ ਨੀਤੀ ਆਯੋਗ ਨੇ ਪਹਿਲਾਂ ਸਤੰਬਰ 2020 ਵਿੱਚ ਦੂਸਰੀ ਲਹਿਰ ਬਾਰੇ ਅਗੇਤੇ ਅਨੁਮਾਨ ਲਾਏ ਸਨ, ਪਰ ਨਵਾਂ ਅਨੁਮਾਨ ਇਸ ਤੋਂ ਹੋਰ ਵੱਧ ਹੈ।ਓਦੋਂ ਨੀਤੀ ਆਯੋਗ ਨੇ ਗੰਭੀਰ ਅਤੇਦਰਮਿਆਨੇ ਗੰਭੀਰ ਲੱਛਣਾਂ ਵਾਲੇ ਲਗਭਗ 20 ਫੀਸਦੀ ਮਰੀਜ਼ਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਦੀ ਲੋੜ ਬਾਰੇ ਦੱਸਿਆ ਸੀ, ਪਰ ਇਸ ਵਾਰੀ 23 ਫੀਸਦੀ ਦੀ ਗੱਲ ਕਹੀ ਹੈ।

ਕੋਵਿਡ-19 ਦੀ ਦੂਸਰੀ ਲਹਿਰ ਦੇ ਪਿੱਛੋਂ ਵੱਡੀ ਗਿਣਤੀ ਵਿੱਚ ਹਸਪਤਾਲਾਂ ਦੇ ਬੈਡ ਵੱਖਰੇ ਕਰਨ ਦੀ ਸਿਫਾਰਸ਼ ਇਸ ਸਾਲ ਅਪ੍ਰੈਲ-ਜੂਨ ਵਿੱਚ ਦੇਖੇ ਪੈਟਰਨਮੁਤਾਬਕ ਹੈ। ਰਿਪੋਰਟ ਅਨੁਸਾਰ 1 ਜੂਨ ਨੂੰ ਆਪਣੇ ਸਿਖਰ ਉੱਤੇ ਜਦੋਂ ਦੇਸ਼ ਵਿਆਪੀ ਸਰਗਰਮ ਕੇਸਾਂ ਦੀ ਗਿਣਤੀ 18 ਲੱਖ ਸੀ, 10 ਰਾਜਾਂ ਵਿੱਚ 21.74 ਫੀਸਦੀ ਕੇਸਾਂ ਵਿੱਚੋਂ ਵੱਧ ਦਾ ਹਸਪਤਾਲਦਾਖਲ ਹੋਣਾ ਜ਼ਰੂਰੀ ਸੀ, ਇਨ੍ਹਾਂ ਵਿੱਚੋਂ 2.2 ਫੀਸਦੀ ਨੂੰ ਆਈ ਸੀ ਯੂ ਵਿੱਚ ਦਾਖਲ ਕਰਨਾ ਪਿਆ ਸੀ।ਨੀਤੀ ਆਯੋਗ ਦਾ ਕਹਿਣਾ ਹੈ ਕਿ ਅੱਗੋਂ ਇਸ ਤੋਂ ਭੈੜੀ ਸਥਿਤੀ ਲਈ ਤਿਆਰ ਹੋਣਾ ਚਾਹੀਦਾ ਹੈ।ਆਯੋਗ ਨੇ ਰੋਜ਼ 4 ਤੋਂ 5 ਲੱਖ ਕੋਰੋਨਾ ਕੇਸ ਆਉਣ ਦਾ ਅਨੁਮਾਨ ਲਾਇਆ ਅਤੇ ਕਿਹਾ ਹੈ ਕਿ ਅਗਲੇ ਮਹੀਨੇ ਤੱਕ 2 ਲੱਖ ਆਈ ਸੀ ਯੂ ਬੈੱਡ ਤਿਆਰ ਚਾਹੀਦੇ ਹਨ। ਇਨ੍ਹਾਂ ਵਿੱਚੋਂ 1.2 ਲੱਖ ਆਈ ਸੀ ਯੂਬੈੱਡ ਵੈਂਟੀਲੇਟਰਾਂ ਨਾਲ), 7 ਲੱਖ ਬਿਨਾਂ ਆਈ ਸੀ ਯੂਬੈੱਡ ਹਸਪਤਾਲਾਂ ਵਿੱਚ (ਜਿਨ੍ਹਾਂ ਵਿੱਚੋਂ 5 ਲੱਖ ਆਕਸੀਜਨ ਬੈੱਡ) ਤੇ 10 ਲੱਖ ਕੋਵਿਡ ਆਈਸੋਲੇਸ਼ਨ ਦੇ ਕੇਅਰ ਬੈੱਡ ਹੋਣੇ ਚਾਹੀਦੇ ਹਨ। ਨੀਤੀ ਆਯੋਗ ਨੇ ਸਤੰਬਰ 2020 ਵਿੱਚ ਦੂਸਰੀ ਲਹਿਰ ਤੋਂ ਕੁਝ ਮਹੀਨੇ ਪਹਿਲਾਂ ਇਹ ਅੰਦਾਜ਼ਾ ਲਾਇਆ ਸੀ ਕਿ ਵੀਹ ਫੀਸਦੀ ਪਾਜ਼ਿਟਿਵ ਕੇਸਾਂ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੀ ਲੋੜ ਪਵੇਗੀਅਤੇ ਤਿੰਨ ਫੀਸਦੀ ਨੂੰ ਆਈ ਸੀ ਯੂ ਵਿੱਚ ਦਾਖਲ ਹੋਣਾ ਪਵੇਗਾ। ਦੂਸਰੇ ਗੈਰ-ਲੱਛਣ ਵਾਲੇ ਕੇਸਾਂ ਦੇ ਲਈਅੰਦਾਜ਼ਾ ਸੀ ਕਿ ਇਨ੍ਹਾਂ ਵਿੱਚੋਂ 50 ਫੀਸਦੀ ਨੂੰ ਸੱਤ ਦਿਨ ਕੋਰੋਨਾ ਕੇਅਰ ਸੈਂਟਰ ਵਿੱਚਵੱਖ ਰਹਿਣਾ ਪਵੇਗਾ ਤੇ ਬਾਕੀ ਘਰ ਰਹਿ ਸਕਦੇ ਹਨ।

## ਸਕਾਰਬੌਰੋ ਦੇ ਘਰ ਵਿੱਚ ਲੱਗੀ ਅੱਗ ਫਾਇਰ ਕ੍ਰਿਊ ਕਰ ਰਿਹਾ ਹੈ ਮਾਮਲੇ ਦੀ ਜਾਂਚ

ਸਫਾ 1 ਦੀ ਬਾਕੀ...
ਹੋਰਨਾਂ ਘਰਾਂ ਤੱਕ ਫੈਲ ਗਈ ਸੀ। ਟੋਰਾਂਟੋ ਫਾਇਰ ਅਨੁਸਾਰ ਅੱਗ ਉੱਤੇ ਜਲਦ ਹੀ ਕਾਬੂ ਪਾ ਲਿਆ ਗਿਆ। ਰਾਤ ਭਰ ਫਾਇਰ ਅਮਲਾ ਉੱਥੇ ਹੀ ਰਿਹਾ ਤੇ ਅੱਗ ਸੁਲਗਣ ਵਾਲੀ ਥਾਂ ਉੱਤੇ ਤੇ ਹਵਾ ਦੇ ਮਿਆਰ ਉੱਤੇ ਨਜ਼ਰ ਰੱਖਦਾ ਰਿਹਾ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਫਾਇਰ ਇਨਵੈਸਟੀਗੇਟਰਜ਼ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

## ਗਲੈਨ ਪਾਰਕ ਵਿੱਚ ਹੋਏ ਹਾਦਸੇ ਵਿੱਚ ਇੱਕ ਮੋਟਰਸਾਈਕਲਿਸਟ ਦੀ ਹੋਈ ਮੌਤ

ਸਫਾ 1 ਦੀ ਬਾਕੀ...
ਜਾ ਟਕਰਾਇਆ। ਜਿਸ ਕਾਰਨ ਲੀਡ ਕਰ ਰਿਹਾ ਰਾਈਡਰ ਬੋਲੀਵੀਆਰਡ ਉੱਤੇ ਇਲੈਕਟ੍ਰੀਕਲ ਬੌਕਸ ਨਾਲ ਜਾ ਵੱਜਿਆ।

ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਸ ਵਿਅਕਤੀ ਨੂੰ ਬਚਾਉਣ ਦੀਆਂ ਕੀਤੀਆਂ ਗਈ ਕਈ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਦੋ ਹੋਰ ਮੋਟਰਸਾਈਕਲਿਸਟ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਗੱਡੀ ਦਾ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ ਤੇ ਉਹ ਪੁਲਿਸ ਨਾਲ ਪੂਰਾ ਸਹਿਯੋਗ ਵੀ ਕਰ ਰਿਹਾ ਸੀ।

## ਪਾਕਿਸਤਾਨ ਵੱਲੋਂ ਪਹਿਲੀ ਪਾਤਸ਼ਾਹੀ ਦੇ ਜੋਤੀ-ਜੋਤਿ ਦਿਵਸ ਮੌਕੇ ਲਾਂਘੇ ਰਾਹੀਂ ਆਉਣ ਦਾ ਸੱਦਾ



ਅੰਮ੍ਰਿਤਸਰ, 22 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਯੋਜਨਾਬੰਦੀ, ਵਿਕਾਸ ਤੇ ਵਿਸ਼ੇਸ਼ ਪਹਿਲਕਦਮੀਆਂ ਬਾਰੇ ਫੈਡਰਲ ਮੰਤਰੀ ਅਸਦ ਉਮਰ ਦੀ ਪ੍ਰਧਾਨਗੀ ਹੇਠ ਨੈਸ਼ਨਲ ਕਮਾਂਡ ਅਤੇ ਆਪਰੇਸ਼ਨ ਸੈਂਟਰ (ਐਨ ਸੀ ਓ ਸੀ) ਦੀ ਇੱਕ ਬੈਠਕ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ 21 ਸਤੰਬਰ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ ਮੌਕੇ ਭਾਰਤੀ ਯਾਤਰੂਆਂ ਨੂੰ ਲਾਂਘੇ ਰਾਹੀਂ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

ਇਸ ਬਾਰੇ ਵਿੱਚ ਐਨ ਸੀ ਓ ਸੀ ਦੇ ਡਾਇਰੈਕਟਰ ਮਜ਼ਹਰ ਅਜੈਬ ਨੇ ਪੱਤਰ ਜਾਰੀ ਕਰ ਕੇ ਦੱਸਿਆ ਕਿ ਬੈਠਕ ਵਿੱਚ ਮੰਤਰੀ ਅਸਦ ਉਮਰ ਨੇ ਦਾਅਵਾ ਕੀਤਾ ਕਿ ਪਾਕਿ ਸਰਕਾਰ ਨੇ ਕਰਤਾਰਪੁਰ ਲਾਂਘਾ ਭਾਰਤੀ ਸਿੱਖ ਯਾਤਰੀਆਂ ਲਈ ਕਦੇ ਵੀ ਬੰਦ ਨਹੀਂ ਕੀਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐਸ ਜੀ ਪੀ ਸੀ) ਦੇ ਪ੍ਰਧਾਨ ਸਤਵੰਤ ਸਿੰਘ ਅਤੇ ਜਨਰਲ ਸੈਕਟਰੀ ਅਮੀਰ ਸਿੰਘ ਨੇ ਇਸ ਬਾਰੇ ਮੀਡੀਆ ਨੂੰ ਦੱਸਿਆ ਕਿ ਕੋਵਿਡ ਪ੍ਰੋਟੋਕਾਲ ਦੀ ਪੂਰੀ ਪਾਲਣਾ ਕਰਦੇ ਹੋਏ ਭਾਰਤੀ ਯਾਤਰੂਆਂ ਨੂੰ ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ) ਦੇ ਦਰਸ਼ਨ ਕਰਨ ਆਉਣ ਦੀ ਆਗਿਆ ਹੋਵੇਗੀ। ਇਸ ਲਾਂਘੇ ਰਾਹੀਂ ਸਿਰਫ ਕੋਰੋਨਾ ਟੀਕਾਕਰਨ ਕਰਵਾ ਚੁੱਕੇ ਵਿਅਕਤੀ ਹੀ ਆ ਸਕਣਗੇ। ਉਨ੍ਹਾਂ ਨੂੰ ਯਾਤਰਾ ਉੱਤੇ ਆਉਂਦੇ ਸਮੇਂ ਟੀਕਾਕਰਨ ਦਾ ਸਰਟੀਫਿਕੇਟ ਅਤੇ ਵੱਧ ਤੋਂ ਵੱਧ 72 ਘੰਟੇ ਪੁਰਾਣੀ ਕੋਰੋਨਾ ਨੈਗੇਟਿਵ ਰਿਪੋਰਟ ਨਾਲ ਲਿਆਉਣੀ ਹੋਵੇਗੀ। ਇਸ ਦੇ ਇਲਾਵਾ ਪਾਕਿ ਪਹੁੰਚਣ ਉੱਤੇ ਦੁਬਾਰਾ ਯਾਤਰੂਆਂ ਦੀ ਕੋਰੋਨਾ ਰੈਪਿਡ ਜਾਂਚ ਕੀਤੀ ਜਾਵੇਗੀ ਅਤੇ ਪਾਜ਼ੀਟਿਵ ਰਿਪੋਰਟ ਆਉਣ ਉੱਤੇ ਯਾਤਰੂ ਨੂੰ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਇਸ ਲਾਂਘੇ ਰਾਹੀਂ ਫਿਲਹਾਲ ਵੱਧ ਤੋਂ ਵੱਧ 300 ਭਾਰਤੀ ਯਾਤਰੂ ਹੀ ਇੱਕ ਦਿਨ ਵਿੱਚ ਪਾਕਿ ਆ ਸਕਣਗੇ।

## ਅਕਾਊਂਟੈਂਟ ਜਨਰਲ ਨੂੰਚੋਣ ਕਮਿਸ਼ਨ ਬਾਰੇ ਪੰਜਾਬ ਦੀ ਸਾਲਾਨਾ ਵਿੱਤ ਰਿਪੋਰਟ ਉੱਤੇ ਇਤਰਾਜ਼

ਜਲੰਧਰ, 22 ਅਗਸਤ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਕਰਨ ਵਿੱਚ ਬਿਨਾਂ ਵਜ੍ਹਾ ਦੇਰੀ ਹੋਣ ਦੇ ਸੰਕੇਤ ਮਿਲੇ ਹਨ ਤੇ ਮਾਮਲਾ ਚੋਣ ਕਮਿਸ਼ਨ ਦੀ ਛਪਣ ਸਮੱਗਰੀ ਵਿੱਚ ਦੇਰੀ ਦਾ ਹੈ।

ਅਸਲ ਵਿੱਚ ਚੋਣ ਕਮਿਸ਼ਨ ਦੇ ਪੰਜਾਬ ਦਫ਼ਤਰ ਨੇ ਪੰਜਾਬ ਸਰਕਾਰ ਦੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਤੋਂ ਸਮੱਗਰੀ ਪ੍ਰਿੰਟ ਕਰਵਾਈ ਸੀ ਅਤੇ ਕਾਫੀ ਸਮੇਂ ਤੋਂ ਉਸ ਸਾਰੀ ਛਪਾਈ ਦੀ 57.77 ਲੱਖ ਰੁਪਏ ਦੀ ਰਕਮ ਪੈਂਡਿੰਗ ਹੈ। ਅਕਾਊਂਟੈਂਟ ਜਨਰਲ ਆਡਿਟ ਨੇ ਇਸ ਰਕਮ ਦਾ ਕੋਈ ਜਵਾਬ ਨਾ ਆਉਣ ਕਾਰਨ ਪੰਜਾਬ ਦੀ ਸਲਾਨਾ ਆਡਿਟ ਰਿਪੋਰਟ ਉੱਤੇ ਇਤਰਾਜ਼ ਕੀਤਾ ਹੈ। ਪੰਜਾਬ ਸਰਕਾਰ ਵੀ ਵਾਰ-ਵਾਰ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਇਹ ਰਕਮ ਅਦਾ ਕਰਨ ਲਈ ਪੱਤਰ ਲਿਖ ਚੁੱਕੀ ਹੈ। ਜੇ ਸਥਿਤੀ ਇਹੀ ਰਹਿੰਦੀ ਹੈ ਤਾਂ ਆਡਿਟ ਵਿਭਾਗ ਨੂੰ ਵੇਖਦੇ ਹੋਏ ਪੰਜਾਬ ਹੋਰ ਛਪਾਈ ਤੋਂ ਇਨਕਾਰ ਕਰ ਸਕਦਾ ਹੈ। ਸੰਬੰਧਤ ਰਾਜਾਂ ਵਿੱਚ ਪ੍ਰਿੰਟ ਹੋਣ ਵਾਲੀ ਚੋਣ ਸਮੱਗਰੀ ਕੇਂਦਰੀ ਚੋਣ ਕਮਿਸ਼ਨ ਰਾਹੀਂ ਹੀ ਭੇਜੀ ਜਾਂਦੀ ਹੈ, ਪਰ ਕੁਝ ਸਮੱਗਰੀ ਅਜਿਹੀ ਹੁੰਦੀ ਹੈ ਜਿਸ ਦੀ ਛਪਾਈ ਸਥਾਨਕ ਪੱਧਰ ਉੱਤੇ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਪੈਡ, ਫਾਰਮ ਆਦਿ ਸ਼ਾਮਲ ਹੁੰਦੇ ਹਨ। ਚੋਣ ਕਮਿਸ਼ਨ ਦੇ ਪੰਜਾਬ ਦਫ਼ਤਰ ਨੇ ਇਸੇ ਆਧਾਰ ਉੱਤੇ ਪੰਜਾਬ ਦੇ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਤੋਂ ਸਮੱਗਰੀ ਪ੍ਰਿੰਟ ਕਰਵਾਈ ਸੀ, ਜਿਸ ਦਾ ਬਿੱਲ 55,77,122 ਰੁਪਏ ਬਣਦਾ ਹੈ।ਛਪਾਈ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਦੇ ਚੋਣ ਅਧਿਕਾਰੀ ਨਾ ਇਹ ਰਕਮ ਦੇ ਰਹੇ ਹਨ ਅਤੇ ਨਾ ਕੋਈ ਜਵਾਬ ਦੇ ਰਹੇ ਹਨ। ਨਤੀਜੇ ਵਜੋਂ ਪੰਜਾਬ ਲਈ ਇਸ ਰਕਮ ਦਾ ਕੋਈ ਆਧਾਰ ਲਿਖ ਸਕਣਾ ਸੰਭਵ ਨਹੀਂ ਹੋ ਰਿਹਾ।

ਪ੍ਰਿੰਟਿੰਗ ਦੇ ਸਟੇਸ਼ਨਰੀ ਵਿਭਾਗ ਦੀ ਕੰਟਰੋਲਰ ਮੈਡਮ ਬਬੀਤਾ, ਆਈ ਏ ਐਸ ਨੇ ਪੰਜਾਬ ਦੇ ਚੋਣ ਅਧਿਕਾਰੀ ਐਸ ਕਰੁਣਾ ਰਾਜੂ ਨੂੰ ਚਿੱਠੀ ਲਿਖ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਹੈ। ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਚੋਣ ਕਮਿਸ਼ਨ ਦੀ ਲੋੜੀਂਦੀ ਸਮੱਗਰੀ ਨੂੰ ਪ੍ਰਿੰਟ ਕਰਨ ਤੋਂ ਪੰਜਾਬ ਦਾ ਛਪਾਈ ਵਿਭਾਗ ਇਨਕਾਰ ਕਰ ਸਕਦਾ ਹੈ। ਸਿਰਫ਼ ਚੋਣ ਕਮਿਸ਼ਨ ਨਹੀਂ, ਸਗੋਂ ਪੰਜਾਬ ਦਾ ਸੂਬਾ ਚੋਣ ਕਮਿਸ਼ਨ ਵੀ ਛਪਾਈ ਦੀ 37.23 ਲੱਖ ਰੁਪਏ ਦੀ ਰਕਮ ਨਹੀਂ ਦੇ ਰਿਹਾ। ਸੂਬਾ ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ ਦੌਰਾਨ ਸਮੱਗਰੀ ਪ੍ਰਿੰਟ ਕਰਵਾਈ ਸੀ। ਇਸ ਉੱਤੇ ਵੀ ਅਕਾਊਂਟੈਂਟ ਜਨਰਲ ਆਡਿਟ ਨੇ ਇਤਰਾਜ਼ ਲਾ ਦਿੱਤਾ ਹੈ। ਇਨ੍ਹਾਂ ਇਤਰਾਜ਼ਾਂ ਕਾਰਨ ਸੂਬੇ ਦੀ ਸਾਲਾਨਾ ਰਿਪੋਰਟ ਪੈਂਡਿੰਗ ਹੋ ਸਕਦੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

**।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

**ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:**
satlokashramcanada@gmail.com
satsahibusa@gmail.com
**647-739-4641**
**346-714-0224**


## ਨਾ ਫੋਨ ਉੱਤੇ ਓ ਟੀ ਪੀ ਆਇਆ, ਨਾ ਕੋਈ ਮੈਸੇਜ, ਖਾਤੇ ਤੋਂ 18.75 ਲੱਖ ਰੁਪਏ ਨਿਕਲ ਗਏ

ਜਲੰਧਰ, 22 ਅਗਸਤ (ਪੋਸਟ ਬਿਊਰੋ)- ਥਾਣਾ-7 ਦੀ ਪੁਲਸ ਨੇ ਇੱਕ ਕੇਸ ਦਰਜ ਕੀਤਾ ਹੈ, ਜਿਸ ਵਿੱਚ ਮਹਿਲਾ ਨਾਲ 18.75 ਲੱਖ ਰੁਪੇ ਦੀ ਠੱਗੀ ਹੋ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਮਹਿਲਾ ਦੇ ਖਾਤੇ ਤੋਂ 75 ਵਾਰ ਟ੍ਰਾਂਜੇਕਸ਼ਨ ਨਾਲ ਪੰਜ ਮਹੀਨੇ ਵਿੱਚ ਪੈਸੇ ਟ੍ਰਾਂਸਫਰ ਹੋਏ। ਉਸ ਮਹਿਲਾ ਨੂੰ ਕੋਈ ਮੈਜੇਸ ਤੱਕ ਨਹੀਂ ਆਇਆ।

ਗੁਰਜੀਤ ਨਗਰ ਦੀ ਵਸਨੀਕ ਪਵਿਤਰ ਕੌਰ (59 ਸਾਲ)ਨੇ ਦੱਸਿਆ ਕਿ ਸਟੇਟ ਬੈਂਕ ਆਫ ਇੰਡੀਆਦੀ ਸਿਵਲ ਲਾਈਨ ਬ੍ਰਾਂਚ ਵਿੱਚ ਉਨ੍ਹਾਂ ਦੇ ਖਾਤੇ ਤੋਂ ਚਾਰ ਮਾਰਚ ਨੂੰ 25 ਹਜ਼ਾਰ ਰੁਪਏ ਦੀ ਪਹਿਲੀ ਫ੍ਰਾਡ ਟ੍ਰਾਂਜੇਕਸ਼ਨ ਹੋਈ, ਜਿਸ ਦਾ ਨਾ ਕੋਈ ਓ ਟੀ ਪੀ ਸ਼ੇਅਰ ਕੀਤਾ ਗਿਆ ਅਤੇ ਨਾ ਕੋਈ ਜਾਣਕਾਰੀ ਕਿਸੇ ਨਾਲ ਸ਼ੇਅਰ ਕੀਤੀ ਗਈ, ਪਰ ਪੈਸੇ ਨਿਕਲ ਗਏ। ਮਹਿਲਾ ਨੇ ਬੈਂਕ ਨੂੰ ਇਸ ਦੀਸ਼ਿਕਾਇਤ ਦਿੱਤੀ, ਪਰ ਇੱਕ-ਇੱਕ ਕਰ ਖਾਤੇ ਤੋਂ 9 ਅਗਸਤ ਤੱਕ 75 ਟ੍ਰਾਂਜੇਕਸ਼ਨ ਨਾਲ 18.75 ਲੱਖ ਰੁਪਏ ਨਿਕਲ ਗਏ। ਪੀੜਤ ਮਹਿਲਾ ਦੀ ਸ਼ਿਕਾਇਤ ਉੱਤੇ ਪੁਲਸ ਨੇ ਜਾਂਚ ਦੇ ਬਾਅਦ ਕੇਸ ਦਰਜ ਕਰ ਲਿਆ ਹੈ। ਮਹਿਲਾ ਦੇ ਖਾਤੇ ਤੋਂ ਕਿਸ ਖਾਤੇ ਵਿੱਚ ਪੈਸੇ ਟ੍ਰਾਂਸਫਰ ਹੋਏ, ਇਸ ਦੀ ਜਾਂਚ ਕੀਤੀ ਜਾ ਰਹੀ ਹੈ।

**ਮਾਮਲਾ ਗੁਰਸਿੱਖ ਪਰਵਾਰ ਦੇ ਬਾਈਕਾਟ ਦਾ**

## ਤਖ਼ਤ ਦਮਦਮਾ ਸਾਹਿਬ ਦੀ ਜਾਂਚ ਕਮੇਟੀ ਦੀ ਹਾਜ਼ਰੀ ਵਿੱਚ ਪੰਚਾਇਤ ਨੇ ਬਾਈਕਾਟ ਵਾਪਸ ਲਿਆ




ਤਲਵੰਡੀ ਸਾਬੋ, 22 ਅਗਸਤ (ਪੋਸਟ ਬਿਊਰੋ)- ਤਹਿਸੀਲ ਤਲਵੰਡੀ ਸਾਬੋ ਦੇ ਪਿੰਡ ਮਿਰ-ਜੇਆਣਾ ਦੇ ਇੱਕ ਗੁਰਸਿੱਖ ਪਰਵਾਰ ਦੇ ਬਾਈਕਾਟ ਦੇ ਮਾਮਲੇ ਵਿੱਚ ਪਿੰਡ ਦੇ ਸਰਪੰਚ ਨੇ ਮੀਡੀਆ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਆਈ ਜਾਂਚ ਕਮੇਟੀ ਸਾਹਮਣੇ ਮੁਆਫ਼ੀ ਮੰਗ ਕੇ ਬਾਈਕਾਟ ਦਾ ਫੈਸਲਾ ਵਾਪਸ ਲੈ ਲਿਆ ਹੈ। ਪੀੜਤ ਗੁਰਸਿੱਖ ਪਰਵਾਰ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਜਾਂਚ ਤੋਂ ਬਾਅਦ ਕੀਤੇ ਫ਼ੈਸਲੇ ਨੂੰ ਪ੍ਰਵਾਨ ਕਰਨ ਦੀ ਗੱਲ ਕਰ ਰਿਹਾ ਹੈ, ਜਦੋਂ ਕਿ ਜਾਂਚ ਟੀਮ ਨੇ ਰਿਪੋਰਟ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਬ ਡਵੀਜਨ ਤਲਵੰਡੀ ਸਾਬੋ ਦੇ ਪਿੰਡ ਮਿਰਜੇਆਣਾ ਵਿਖੇ ਪਸ਼ੂਆਂ ਨੂੰ ਮੂੰਹਖੁਰ ਦੀ ਬੀਮਾਰੀ ਨੂੰ ਰੋਕਣ ਲਈ ਪਿੰਡ ਵਾਸੀਆਂ ਨੇ ਇੱਕ ਟੂਣਾ (ਧਾਗਾ) ਕਰਵਾਇਆ ਸੀ, ਜਿਸ ਨੂੰ ਪਿੰਡ ਦੇ ਇੱਕ ਗੁਰਸਿੱਖ ਪਰਵਾਰ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਪਿੰਡ ਵਾਸੀਆਂ ਨੇ ਇਕੱਠ ਕਰ ਕੇ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ ਸੀ। ਬਾਈਕਾਟ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਈਰਲ ਹੋਣ ਪਿੱਛੋਂ ਮਾਮਲਾ ਭਖ ਗਿਆ। ਪੀੜਤਾਂ ਨੇ ਇਸ ਦੀ ਸ਼ਿਕਾਇਤ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕੀਤੀ ਸੀ। ਇਸ ਉੱਤੇ ਉਨ੍ਹਾਂ ਧਰਮ ਪ੍ਰਚਾਰ ਦਫ਼ਤਰ ਨੂੰ ਪੜਤਾਲ ਦੇ ਹੁਕਮ ਜਾਰੀ ਕੀਤੇ ਗਏ ਸਨ। ਕੱਲ੍ਹ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਭਾਈ ਨਿਰਭੈ ਸਿੰਘ ਦੀ ਜਾਂਚ ਟੀਮ ਪਿੰਡ ਗਈ ਅਤੇ ਦੋਵਾਂ ਧਿਰਾਂ ਨਾਲ ਗੱਲਬਾਤ ਤੋਂ ਬਾਅਦ ਤਿਆਰ ਕੀਤੀ ਰਿਪੋਰਟ ਜਥੇਦਾਰ ਨੂੰ ਸੌਂਪ ਦਿੱਤੀ ਹੈ।

ਜਾਂਚ ਟੀਮ ਦੀ ਹਾਜ਼ਰੀ ਵਿੱਚ ਪਿੰਡ ਦੇ ਸਰਪੰਚ ਮਲਕੀਤ ਸਿੰਘ ਨੇ ਇਸ ਕਾਰਵਾਈ ਨੂੰ ਗਲਤ ਦੱਸਦਿਆਂ ਉਕਤ ਪੀੜਤ ਪਰਵਾਰ ਅਤੇ ਹੋਰ ਜਥੇਬੰਦੀਆਂ ਤੋਂ ਇਸ ਗੱਲ ਦੀ ਮੁਆਫ਼ੀ ਮੰਗ ਕੇ ਕਿਹਾ ਕਿ ਅੱਗੇ ਤੋਂ ਉਹ ਪਿੰਡ ਵਿੱਚ ਅਜਿਹੀ ਕਾਰਵਾਈ ਨਾ ਕਰਨਗੇ ਅਤੇ ਨਾ ਹੋਣ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡ ਵਿੱਚ ਬਾਈਕਾਟ ਕਰਨ ਵਾਲੇ ਪਰਵਾਰ ਦਾ ਮਾਣ ਸਨਮਾਨ ਬਹਾਲ ਰਹੇਗਾ। ਪੜਤਾਲ ਟੀਮ ਦੇ ਭਾਈ ਨਿਰਭੈ ਸਿੰਘ ਨੇ ਦੱਸਿਆ ਕਿ ਦੋਵੇਂ ਧਿਰਾਂ ਦੇ ਬਿਆਨ ਦਰਜ ਕਰ ਕੇ ਬਣਾਈ ਰਿਪੋਰਟ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸੌਂਪ ਦਿੱਤੀ ਹੈ। ਪੀੜਤ ਪਰਵਾਰ ਦੇ ਅਵਤਾਰ ਸਿੰਘ ਨੇ ਕਿਹਾ ਕਿ ਤਖ਼ਤ ਦਮਦਮਾ ਸਾਹਿਬ ਵੱਲੋਂ ਜੋ ਵੀ ਫੈਸਲਾ ਕੀਤਾ ਜਾਂਦਾ ਹੈ, ਉਹ ਖਿੜੇ ਮੱਥੇ ਪ੍ਰਵਾਨ ਹੈ।

## ਪੰਜਵੜ ਦੇ ਗੁਰਦੁਆਰੇ ਦੀਆਂ ਗੋਲਕਾਂ ਉੱਤੇ ਨਵੀਂ ਕਮੇਟੀ ਵੱਲੋਂ ਕਬਜ਼ੇ ਤੋਂ ਵਿਵਾਦ



ਝਬਾਲ, 22 ਅਗਸਤ (ਪੋਸਟ ਬਿਊਰੋ)- ਜ਼ਿਲ੍ਹਾ ਤਰਨਤਾਰਨ ਦੇ ਪਿੰਡ ਪੰਜਵੜ ਵਿੱਚ ਪੁਰਾਤਨ ਗੁਰਦ-ਆਰਾ ਸ਼ਹੀਦਾਂ ਸਿੰਘਾਂ ਪੰਜਵੜ ਵਿੱਚ ਪਹਿਲਾਂ ਹੀ ਦੋ ਕਮੇਟੀਆਂ ਕਿਸੇ ਗੱਲ ਬਾਰੇ ਅਦਾਲਤੀ ਕਾਰਵਾਈ ਵਿੱਚਫਸੀਆਂ ਹਨ। ਇਸੇ ਦੌਰਾਨ ਹਾਕਮ ਧਿਰ ਨਾਲ ਸਬੰਧਤ ਨਵੀਂ ਪੰਜ ਮੈਂਬਰੀ ਕਮੇਟੀ ਨੇ ਗੁਰਦੁਆਰੇ ਦੇ ਦਫ਼ਤਰ ਦੇ ਤਾਲੇ ਤੋੜ ਕੇ ਗੋਲਕਾਂ ਉੱਤੇ ਕਬਜ਼ਾ ਕਰ ਲਿਆ ਹੈ, ਜਿਸ ਨਾਲ ਇੱਕ ਨਵਾਂ ਵਿਵਾਦ ਛਿੜ ਗਿਆ ਹੈ।

ਮੌਜੂਦਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਲਾਡੀ ਪੰਜਵੜ ਨੇ ਸਟੇਅ ਦੀਆਂ ਕਾਪੀਆਂ ਦਿਖਾ ਕੇ ਕਿਹਾ ਕਿ ਅਦਾਲਤ ਨੇ ਗੁਰਦੁਆਰੇ ਦਾ ਪ੍ਰਬੰਧ ਉਨ੍ਹਾਂ ਦੀ ਕਮੇਟੀ ਸੌਂਪਿਆ ਹੈ, ਪਰ ਕੱਲ੍ਹ ਜਦੋਂ ਉਹ ਬਾਹਰ ਗਏ ਸਨ ਤਾਂ ਹਾਕਮ ਧਿਰ ਨਾਲ ਸਬੰਧਤ ਸਰਪੰਚ ਪਾਲ ਸਿੰਘ ਤੇ ਹੋਰਨਾਂ ਨੇ ਨਵੀਂ ਕਮੇਟੀ ਬਣਾ ਕੇ ਧੱਕੇ ਨਾਲ ਦਫ਼ਤਰ ਦੇ ਜ਼ਿੰਦਰੇ ਤੋੜੇ ਅਤੇ ਗੋਲਕਾਂ ਉੱਤੇ ਕਬਜ਼ਾ ਕਰ ਲਿਆ। ਇਸ ਮੌਕੇ ਦਫ਼ਤਰੀ ਰਿਕਾਰਡ ਨਾਲ ਵੀ ਛੇੜ-ਛਾੜ ਕੀਤੀ ਗਈ। ਉਨ੍ਹਾਂ ਸੀ ਸੀ ਟੀ ਵੀ ਫੁਟੇਜ ਨਾਲ ਥਾਣਾ ਝਬਾਲ ਵਿੱਚ ਸ਼ਿਕਾਇਤ ਦਿੱਤੀ ਹੈ। ਗੁਰਦੁਆਰਾ ਕਮੇਟੀ ਦੇ ਦੂਜੇ ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਗੋਲਕਾਂ ਉੱਤੇ ਕਬਜ਼ਾ ਕਰਨ ਦੇ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਸਰਪੰਚ ਪਾਲ ਸਿੰਘ ਨੇ ਕਿਹਾ ਕਿ ਨਵੀਂ ਕਮੇਟੀ ਬਣਾਉਣ ਦਾ ਫ਼ੈਸਲਾ ਪਿੰਡ ਵਾਸੀਆਂ ਦਾ ਸੀ ਅਤੇ ਉਨ੍ਹਾਂ ਦੀ ਸਲਾਹ ਤੋਂ ਬਾਅਦ ਕੱਲ੍ਹ ਪੰਜ ਮੈਂਬਰਾਂ ਕਮੇਟੀ ਬਣਾਈ ਸੀ, ਜਿਸ ਨੇ ਗੁਰਦੁਆਰੇ ਦਾ ਪ੍ਰਬੰਧਕੀ ਕਾਰਜ ਆਪਣੇ ਹੱਥ ਲਿਆ ਹੈ। ਡੀ ਐਸ ਪੀ ਸਿਟੀ ਸੁੱਚਾ ਸਿੰਘ ਬੱਲ ਨੇ ਕਿਹਾ ਕਿ ਕੇਸ ਕੋਰਟ ਵਿੱਚ ਚੱਲਦਾ ਹੈ ਤੇ ਅਦਾਲਤ ਜੋ ਫ਼ੈਸਲਾ ਲਵੇਗੀ, ਉਸੇ ਆਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ।


# ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

**4165618882, 4164544587**

# ਚਾਰ ਧਿਰਾਂ ਦਿੱਸਦੀਆਂ ਅੱਗੇ ਅਣਦਿੱਸਦੀ ਧਿਰ ਪੰਜਵੀਂ ਹੋਵੇਗੀ ਪੰਜਾਬ ਦੀਆਂ ਅਗਲੀ ਚੋਣਾਂ ਵਿੱਚ

ਪੰਜਾਬ ਇਸ ਵਕਤ ਵਿਧਾਨ ਸਭਾ ਚੋਣਾਂ ਦੇ ਰਾਹ ਉੱਤੇ ਪੈ ਚੁੱਕਾ ਹੈ। ਅਗਸਤ ਲੰਘਣ ਪਿੱਛੋਂ ਮਸਾਂ ਛੇ ਮਹੀਨੇ ਇਸ ਸਰਕਾਰ ਦੇ ਬਾਕੀ ਰਹਿ ਜਾਣਗੇ। ਪਿਛਲੀ ਵਾਰੀ ਚਾਰ ਫਰਵਰੀ ਨੂੰ ਵੋਟਾਂ ਪਈਆਂ ਅਤੇ ਗਿਆਰਾਂ ਮਾਰਚ ਨੂੰ ਨਤੀਜੇ ਆਏ ਸਨ ਅਤੇ ਸੋਲਾਂ ਮਾਰਚ ਨੂੰ ਕੈਪਟਨ ਅਮਰਿੰਦਰ ਸਿੰਘ ਵਾਲੀ ਮੌਜੂਦਾ ਸਰਕਾਰ ਬਣੀ ਸੀ। ਨਤੀਜੇ ਵਾਲੀ ਉਸ ਤਾਰੀਖ ਦਾ ਹਿਸਾਬ ਰੱਖਿਆ ਜਾਵੇ ਤਾਂ ਇੱਕ ਮਹੀਨਾ ਹੋਰ ਗਿਣ ਸਕਦੇ ਹਾਂ, ਪਰ ਚੋਣ ਜ਼ਾਬਤਾ ਸ਼ਾਇਦ ਇਸ ਵਾਰ ਨਵਾਂ ਸਾਲ ਚੜ੍ਹਦੇ ਸਾਰ ਲਾ ਦਿੱਤਾ ਜਾਵੇ, ਕਿਉਂਕਿ ਪੰਜਾਬ ਦੇ ਨਾਲ ਹੀ ਉੱਤਰ ਪ੍ਰਦੇਸ਼ ਵਰਗੇ ਭਾਰਤ ਦੇ ਸਭ ਤੋਂ ਵੱਡੇ ਰਾਜ ਅਤੇ ਤਿੰਨ ਹੋਰ ਰਾਜਾਂ ਵਿੱਚ ਵੀ ਚੋਣਾਂ ਹੋਣੀਆਂ ਹਨ। ਭਾਰਤ ਦਾ ਚੋਣ ਕਮਿਸ਼ਨ ਕਹਿਣ ਨੂੰ ਨਿਰਪੱਖ ਹੈ, ਪਰ ਅਸਲ ਵਿੱਚ ਕੇਂਦਰ ਦਾ ਰਾਜ ਚਲਾ ਰਹੀ ਧਿਰ ਜੇ ਤਾਕਤਵਰ ਹੋਵੇ ਤਾਂ ਉਸ ਦੇ ਕਹੇ ਬਿਨਾਂ ਖੰਘਦਾ ਨਹੀਂ ਹੁੰਦਾ ਤੇ ਉਸ ਪਾਰਟੀ ਦੀ ਲੋੜ ਦੇ ਹਿਸਾਬ ਹੀ ਅਗਲੀਆਂ ਚੋਣਾਂ ਦੀਆਂ ਤਰੀਕਾਂ ਮਿਥਦਾ ਹੁੰਦਾ ਹੈ। ਇਸ ਵਾਰੀ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਆਪਣੇ ਉੱਤਰ ਪ੍ਰਦੇਸ਼ ਵਿਚਲੇ ਹਿੱਤਾਂ ਦਾ ਖਿਆਲ ਕਰ ਕੇ ਉਸ ਨੂੰ ਕੁਝ ਅਗੇਤਾ ਇਹ ਕਦਮ ਚੁੱਕਣ ਨੂੰ ਆਖ ਸਕਦੀ ਹੈ, ਪਰ ਜੇ ਮਿਥੇ ਟਾਈਮ ਮੁਤਾਬਕ ਵੀ ਸਾਰਾ ਕੁਝ ਹੁੰਦਾ ਗਿਆ ਤਾਂ ਛੇ ਮਹੀਨੇ ਤੋਂ ਵੱਧ ਚੋਣਾਂ ਵਿੱਚ ਬਾਕੀ ਨਹੀਂ।

ਅੱਜ ਦੀ ਘੜੀ ਵਿੱਚ ਜਿੰਨਾ ਮੰਦਾ ਹਾਲ ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਦਾ ਜਾਪਦਾ ਹੈ, ਓਦੋਂ ਵੱਧ ਪੰਜਾਬ ਵਿੱਚ ਭਾਜਪਾ ਨੂੰ ਛੱਡ ਕੇ ਕਿਸੇ ਵੀ ਹੋਰ ਪਾਰਟੀ ਦਾ ਸ਼ਾਇਦ ਨਹੀਂ ਹੋਣਾ। ਬੀਤੇ ਪੰਜ ਸਾਲਾਂ ਵਿੱਚ ਇਸ ਪਾਰਟੀ ਨੇ ਹਰ ਹੋਰ ਪਾਰਟੀ ਵਾਂਗ ਕੁਝ ਕੰਮ ਚੰਗੇ ਵੀ ਕੀਤੇ, ਜਾਂ ਕਹਿ ਲਓ ਕਿ ਇਸ ਤੋਂ ਹੋ ਗਏ ਹੋਣਗੇ, ਪਰ ਪਾਪਾਂ ਦੀ ਪੰਡ ਭਾਰੀ ਕਰਨ ਵਿੱਚ ਵੀ ਇਸ ਨੇ ਕੋਈ ਕਸਰ ਨਹੀਂ ਰੱਖੀ। ਚੋਣਾਂ ਵਿੱਚ ਕੁੱਦਣ ਵੇਲੇ ਕਿਸੇ ਜੰਗ ਵਿੱਚ ਚੱਲੀ ਫੌਜ ਵਿੱਚ ਤਾਲਮੇਲ ਦੀ ਲੋੜ ਵਾਂਗ ਰਾਜਸੀ ਮੈਦਾਨ ਦੀ ਹਰ ਧਿਰ ਨੂੰ ਵੀ ਪੂਰੇ ਤਾਲਮੇਲ ਦੀ ਲੋੜ ਹੁੰਦੀ ਹੈ ਅਤੇ ਜਿਸ ਪਾਰਟੀ ਦੇ ਤਾਲਮੇਲ ਦੀ ਘਾਟ ਹੋਵੇ, ਉਹ ਚੋਣਾਂ ਦੌਰਾਨ ਚੰਗੇ ਸਿੱਟੇ ਨਹੀਂ ਕੱਢ ਸਕਦੀ। ਇੱਕ ਵਕਤ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦੇ ਦੋ ਵੱਡੇ ਮਹਾਂਰਥੀ ਜਗਦੇਵ ਸਿੰਘ ਤਲਵੰਡੀ ਤੇ ਗੁਰ-ਚਰਨ ਸਿੰਘ ਟੌਹੜਾ ਚੋਣਾਂ ਮੌਕੇ ਏਨਾ ਦੁਖੀ ਕਰਦੇ ਹੁੰਦੇ ਸਨ ਕਿ ਆਖਰ ਨੂੰ ਲੜਾਈ ਕਾਂਗਰਸ ਨਾਲ ਘੱਟ ਤੇ ਆਪੋ ਵਿੱਚ ਇੱਕ-ਦੂਸਰੇ ਦੇ ਬੰਦੇ ਹਰਾਉਣ ਵਾਲੀ ਵੱਧ ਬਣ ਜਾਂਦੀ ਹੁੰਦੀ ਸੀ। ਫਿਰ ਕਾਂਗਰਸ ਵਿੱਚ ਇੱਕ ਮੌਕੇ ਇਹੋ ਕੁਝ ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਧੜਿਆਂ ਵੱਲੋਂ ਕੀਤਾ ਸੁਣਿਆ ਸੀ ਤੇ ਨਤੀਜਾ ਉਸ ਪਾਰਟੀ ਦੀ ਹੱਦੋਂ ਵੱਧ ਸ਼ਰਮਨਾਕ ਹਾਰ ਵਿੱਚ ਨਿਕਲਿਆ ਸੀ। ਉਸ ਦੇ ਬਾਅਦ ਦੋ


ਜਤਿੰਦਰ ਪੰਨੂ

ਵਾਰੀ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਧੜਿਆਂ ਦੀ ਖਹਿਬਾਜ਼ੀ ਨੇ ਇਸ ਪਾਰਟੀ ਦੀ ਬੇੜੀ ਡੋਬੀ ਸੀ। ਇਸ ਵਕਤ ਇਸ ਪਾਰਟੀ ਮੂਹਰੇ ਫਿਰ ਇਹੋ ਔਕੜ ਸਿਰ ਚੁੱਕੀ ਖੜੋਤੀ ਦਿੱਸਦੀ ਹੈ। ਕਈ ਲੋਕ ਕਾਂਗਰਸ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਇਸ ਸਥਿਤੀ ਦਾ ਦੋਸ਼ ਦੇ ਰਹੇ ਹਨ ਅਤੇ ਕਈ ਹੋਰ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਉੱਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਅੰਦਰ-ਖਾਤੇ ਵਾਲੇ ਸਮਝੌਤੇ ਦੀ ਨੰਗੀ-ਮੁੰਗੀ ਚਰਚਾ ਵੀ ਚਸਕੇ ਲੈ-ਲੈ ਕਰਦੇ ਹਨ। ਪਾਰਟੀ ਡੁੱਬਣ ਦੀ ਚਿੰਤਾ ਦੋਵਾਂ ਧੜਿਆਂ ਨੂੰ ਕੋਈ ਨਹੀਂ ਜਾਪਦੀ।

ਦੂਸਰੇ ਪਾਸੇ ਅਕਾਲੀ ਦਲ ਦਾ ਪ੍ਰਧਾਨ ਆਪਣੇ ਨਾਲੋਂ ਟੁੱਟੇ ਧਿਰਾਂ ਅਤੇ ਧੜਿਆਂ ਨੂੰ ਅੱਖੋਂ ਪਰੋਖੇ ਕਰਨ ਦੇ ਬਾਅਦ ਹਰ ਮੰਦੇ-ਚੰਗੇ ਬੰਦੇ ਨੂੰ ਆਪਣੇ ਨਾਲ ਜੋੜ ਕੇ ਆਪਣਾ ਲਸ਼ਕਰ ਭਾਰਾ ਕਰਨ ਰੁੱਝਾ ਪਿਆ ਹੈ। ਜਿਨ੍ਹਾਂ ਨੇ ਕੱਲ੍ਹ ਤੱਕ ਬਾਦਲ ਬਾਪ-ਬੇਟੇ ਖਿਲਾਫ ਕਈ ਉਟ-ਪਟਾਂਗ ਕਿੱਸੇ ਸਟੇਜਾਂ ਲਾ-ਲਾ ਕੇ ਲੋਕਾਂ ਨੂੰ ਸੁਣਾਏ ਸਨ, ਸੁਖਬੀਰ ਸਿੰਘ ਬਾਦਲ ਉਨ੍ਹਾਂ ਦੇ ਨਾਲ ਵੀ ਨੇੜਤਾ ਬਣਾ ਰਿਹਾ ਹੈ। ਦੂਸਰੀਆਂ ਪਾਰਟੀਆਂ ਵਿੱਚੋਂ ਲੋਕਾਂ ਵਿੱਚ ਮਾੜਾ-ਮੋਟਾ ਅਸਰ ਰੱਖਦੇ ਹਰ ਬੰਦੇ ਨੂੰ ਤੋੜਨ ਲਈ ਉਹ ਰਾਤ-ਦਿਨ ਇੱਕ ਕਰੀ ਜਾਂਦਾ ਹੈ। ਭਾਜਪਾ ਨਾਲੋਂ ਗੱਠਜੋੜ ਟੁੱਟਣ ਦੇ ਬਾਅਦ ਸਮਝਿਆ ਜਾਂਦਾ ਸੀ ਕਿ ਉਸ ਦੀ ਪਾਰਟੀ ਤੋਂ ਕੇਰਾ ਸ਼ੁਰੂ ਹੋ ਸਕਦਾ ਹੈ, ਪਰ ਹੋਇਆ ਇਸ ਤੋਂ ਉਲਟ ਕਿ ਉਹ ਭਾਜਪਾ ਦੇ ਕਈ ਵੱਡੇ ਲੀਡਰਾਂ ਅਤੇ ਸਾਬਕਾ ਮੰਤਰੀਆਂ ਜਾਂ ਵਿਧਾਇਕਾਂ ਨੂੰ ਖਿੱਚ ਕੇ ਆਪਣੇ ਨਾਲ ਲੈ ਆਇਆ ਹੈ। ਉਸ ਨੂੰ ਇਸ ਗੱਲ ਦੀ ਖੁੱਲ੍ਹ ਹੈ ਕਿ ਕਿਸੇ ਨੂੰ ਕਿਸੇ ਹਲਕੇ ਵਿੱਚ ਉਮੀਦਵਾਰ ਐਲਾਨਣਾ ਹੈ ਤਾਂ ਨਾ ਕਾਂਗਰਸ ਵਾਂਗ ਸੋਨੀਆ ਗਾਂਧੀ ਦੇ ਦਰਬਾਰੀਆਂ ਤੋਂ ਲਿਸਟ ਪਾਸ ਕਰਾਉਣੀ ਪੈਂਦੀ ਹੈ ਤੇ ਨਾ ਅਰਵਿੰਦ ਕੇਜਰੀਵਾਲ ਦੇ ਕਿਸੇ ਹਵਾਈ ਕਮਾਂਡਰ ਨੂੰ ਪੁੱਛਣਾ ਪੈਂਦਾ ਹੈ। ਅੱਜ ਕਿਸੇ ਨੂੰ ਉਹ ਪਾਰਟੀ ਵਿੱਚ ਸ਼ਾਮਲ ਕਰੇ ਅਤੇ ਖੜੇ ਪੈਰ ਕਿਸੇ ਹਲਕੇ ਦਾ ਉਮੀਦਵਾਰ ਐਲਾਨ ਵੀ ਕਰ ਦੇਵੇ ਤਾਂ ਕੋਈ ਉਸ ਨੂੰ ਪੁੱਛਣ ਵਾਲਾ ਨਹੀਂ, ਆਪਣੇ-ਆਪ ਵਿੱਚ ਸਮੁੱਚੀ ਹਾਈ-ਕਮਾਂਡ ਉਹ ਖੁਦ ਹੀ ਹੈ, ਬਾਕੀ ਅਹੁਦੇਦਾਰ ਸਿਰਫ ਹਾਂ ਵਿੱਚ ਹਾਂ ਮਿਲਾਉਣ ਨੂੰ ਰੱਖੇ ਹਨ। ਜਿਹੜਾ ਜ਼ਰਾ ਕੁ ਹਾਮੀ ਨਾ ਭਰਦਾ ਜਾਪੇ, ਉਸ ਦਾ ਆਪਣਾ ਪੱਤਾ ਕੱਟਿਆ ਜਾ ਸਕਦਾ ਹੈ। ਪੰਜਾਬ ਕਾਂਗਰਸ ਦੇ ਕਈ ਲੀਡਰ ਪਿਛਲੇ ਦਿਨਾਂ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ ਤਾਂ ਇਹ ਚਰਚਾ ਆਮ ਹੈ ਕਿ ਉਨ੍ਹਾਂ ਨੂੰ ਇੱਕ ਖਾਸ ਧੜਾ ਇੱਕ ਨੀਤੀ ਅਧੀਨ ਖੁਦ ਉਸ ਪਾਸੇ ਭੇਜ ਰਿਹਾ ਹੈ, ਪਰ ਕਾਂਗਰਸ ਇਸ ਚਰਚਾ ਦਾ ਖੰਡਨ ਵੀ ਨਹੀਂ ਕਰਦੀ।

ਭਾਰਤੀ ਜਨਤਾ ਪਾਰਟੀ ਆਪਣੀ ਹਾਈ ਕਮਾਂਡ ਉੱਤੇ ਟੇਕ ਰੱਖੀ ਬੈਠੀ ਹੈ। ਉਨ੍ਹਾਂ ਨੂੰ ਅੱਜ ਦੀ ਘੜੀ ਪਿੰਡਾਂ-ਸ਼ਹਿਰਾਂ ਵਿੱਚ ਜਾਣ ਲੱਗਿਆਂ ਇਹ ਡਰ ਰਹਿੰਦਾ ਹੈ ਕਿ ਕੋਈ ਕਿਸਾਨ ਜਥਾ ਰਾਹ ਘੇਰਨ ਨਾ ਆ ਜਾਵੇ, ਪਰ ਇਹ ਆਸ ਉਨ੍ਹਾਂ ਦੇ ਹਰ ਛੋਟੇ-ਵੱਡੇ ਆਗੂ ਨੂੰ ਹੈ ਕਿ ਅਗਲੇ ਦਿਨਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ ਕਿਸਾਨਾਂ ਦਾ ਮੁੱਦਾ ਇਸ ਤਰ੍ਹਾਂ ਸਿਰੇ ਲਾ ਦੇਣਾ ਹੈ ਕਿ ਪੱਕੇ ਹੋਏ ਬੇਰ ਵਾਂਗ ਪੰਜਾਬ ਉਨ੍ਹਾਂ ਦੀ ਝੋਲੀ ਵਿੱਚ ਆ ਪਵੇਗਾ। ਸਾਨੂੰ ਇਸ ਵਿੱਚ ਕੋਈ ਦਮ ਨਹੀਂ ਜਾਪਦਾ, ਪਰ ਭਾਜਪਾ ਲੀਡਰ ਇਸ ਬਾਰੇ ਮੁਕੰਮਲ ਭਰੋਸੇ ਵਿੱਚ ਹਨ। ਸ਼ਾਇਦ ਉਨ੍ਹਾਂ ਨੂੰ ਕੇਂਦਰੀ ਲੀਡਰਾਂ ਨੇ ਕੰਨਾਂ ਵਿੱਚ ਇਹ ਫੂਕ ਮਾਰੀ ਹੋਵੇ, ਇਸ ਲਈ ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਹਾਲ ਦੀ ਘੜੀ ਪੰਜਾਬ ਦੀ ਕੋਈ ਸਿਆਸੀ ਧਿਰ ਉਨ੍ਹਾਂ ਨਾਲ ਕੋਈ ਸੰਬੰਧ ਰੱਖਣ ਬਾਰੇ ਸੋਚ ਤੱਕ ਨਹੀਂ ਸਕਦੀ ਅਤੇ ਇਕੱਲੀ ਭਾਜਪਾ ਇਸ ਰਾਜ ਵਿੱਚ ਚੋਣਾਂ ਜਿੱਤਣ ਦਾ ਸੁਫਨਾ ਜਿੰਨਾ ਮਰਜ਼ੀ ਲਵੇ, ਅੰਗੂਰ ਉਸ ਲਈ ਅਜੇ ਖੱਟੇ ਜਾਪਦੇ ਹਨ।

ਪੰਜਾਬ ਦੇ ਲੋਕਾਂ ਵਿੱਚ ਇਸ ਵੇਲੇ ਇੱਕ ਧਿਰ ਆਮ ਆਦਮੀ ਪਾਰਟੀ ਦੀ ਆਪਣੀ ਥਾਂ ਬਣਾਈ ਜਾ ਰਹੀ ਹੈ। ਸੋਚਣ ਦੇ ਪੱਖ ਤੋਂ ਲੋਕ ਉਸ ਦੇ ਹੱਕ ਵਿੱਚ ਬੋਲਦੇ ਜਾਪਦੇ ਹਨ ਅਤੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਸਭ ਨੂੰ ਵੇਖ ਚੁੱਕੇ ਹਾਂ, ਇਸ ਵਾਰੀ ਇਹ ਨਵੀਂ ਧਿਰ ਵੇਖਣੀ ਹੈ, ਪਰ ਇਹ ਗੱਲ ਉਹੀ ਲੋਕ ਕਹਿੰਦੇ ਹਨ, ਜਿਹੜੇ ਚੁੱਪ ਨਹੀਂ ਰਹਿਣ ਵਾਲੇ। ਹਰ ਚੋਣ ਵਿੱਚ ਇੱਕ ਚੁੱਪ ਬਹੁ-ਗਿਣਤੀ ਹੁੰਦੀ ਹੈ, ਜਿਹੜੀ ਕੁਝ ਬੋਲਦੀ ਨਹੀਂ ਹੁੰਦੀ, ਅੰਤਲੇ ਨਿਰਣੇ ਵਿੱਚ ਕਿਸ ਦੇ ਵੱਲ ਨੂੰ ਭੁਗਤ ਜਾਵੇ, ਕਦੇ ਵੀ ਪਤਾ ਨਹੀਂ ਲੱਗਦਾ ਹੁੰਦਾ। ਇਸ ਵਾਰੀ ਲੋਕਾਂ ਵਿੱਚ ਚਰਚਾ ਦਾ ਰੰਗ ਵੇਖਣਾ ਹੈ ਤਾਂ ਇਸ ਪਾਰਟੀ ਦੇ ਪੱਖ ਵਿੱਚ ਦਿੱਸਦਾ ਹੈ, ਪਰ ਇਹੋ ਜਿਹਾ ਰੰਗ ਪਿਛਲੀ ਵਾਰੀ ਵੀ ਦਿੱਸਦਾ ਸੀ, ਬਾਅਦ ਵਿੱਚ ਜਦੋਂ ਅਸਲੀ ਪ੍ਰਭਾਵ ਚੋਣਾਂ ਦੀ ਨਬਜ਼ ਪਰਖਣ ਵਾਲੇ ਪੱਤਰਕਾਰਾਂ ਨੂੰ ਦਿੱਸ ਚੁੱਕਾ ਸੀ, ਇਸ ਦੀ ਲੀਡਰਸ਼ਿਪ ਓਦੋਂ ਵੀ ਸੱਚ ਵੇਖਣ ਨੂੰ ਤਿਆਰ ਨਹੀਂ ਸੀ ਹੋ ਰਹੀ। ਅੱਜਕੱਲ੍ਹ ਉਸ ਦੇ ਆਗੂ ਮੰਨਦੇ ਹਨ ਕਿ ਪਿਛਲੀ ਵਾਰੀ ਉਨ੍ਹਾਂ ਨੇ ਜਿੱਤੀ ਹੋਈ ਚੋਣ ਹਾਰੀ ਸੀ ਤੇ ਇਸ ਵਾਰੀ ਪਿਛਲੀਆਂ ਭੁੱਲਾਂ ਤੋਂ ਸਿੱਖ ਕੇ ਚੱਲਣਗੇ, ਪਰ ਗਲਤੀਆਂ ਕਰਨ ਤੋਂ ਉਹ ਅਜੇ ਵੀ ਨਹੀਂ ਹਟਦੇ। ਅਸੀਂ ਇਸ ਵਕਤ ਉਨ੍ਹਾਂ ਦੀਆਂ ਗਲਤੀਆਂ ਗਿਣਾ ਕੇ ਉਨ੍ਹਾਂ ਦਾ ਮਨ ਖੱਟ ਕਰਨ ਦੀ ਲੋੜ ਨਹੀਂ ਸਮਝਦੇ, ਪਰ ਇਹ ਗੱਲ ਹਰ ਕੋਈ ਕਹਿੰਦਾ ਹੈ ਕਿ ਇਹ ਪਾਰਟੀ ਜਦੋਂ ਤੱਕ ਇਸ ਰਾਜ ਦੇ ਲੋਕਾਂ ਸਾਹਮਣੇ ਮੁੱਖ ਮੰਤਰੀ ਦਾ ਕੋਈ ਸਾਊ ਚਿਹਰਾ, ਅਤੇ ਉਹ ਵੀ ਪੰਜਾਬੀ ਲੋਕਾਂ ਦਾ ਜਾਣਿਆ-ਪਛਾਣਿਆ ਪੇਸ਼ ਨਹੀਂ ਕਰ ਦੇਂਦੀ, ਇਸ ਬਾਰੇ ਆਪਣੇ ਰਾਏ ਬਣਾਉਣੀ ਔਖੀ ਹੈ। ਆਮ ਆਦਮੀ ਪਾਰਟੀ ਦੇ ਕੇਂਦਰੀ ਦਫਤਰ ਨੂੰ ਵਾਰ-ਰੂਮ ਸਮਝ ਕੇ ਨੀਤੀਆਂ ਚਲਾਉਣ ਵਾਲਿਆਂ ਨੂੰ ਇਸ ਉਲਝਣ ਦਾ ਕੋਈ ਹੱਲ ਅਜੇ ਤੱਕ ਨਹੀਂ ਲੱਭਾ, ਜਾਂ ਉਹ ਢੁਕਵੇਂ ਵਕਤ ਦੀ ਉਡੀਕ ਵਿੱਚ ਹਨ, ਇਹ ਗੱਲ ਸਿਰਫ ਉਹੀ ਜਾਣਦੇ ਹੋ ਸਕਦੇ ਹਨ।

ਅੱਜ ਦੀ ਘੜੀ ਜਿੱਦਾਂ ਦੇ ਹਾਲਾਤ ਹਨ, ਉਨ੍ਹਾਂ ਦੇ ਹੁੰਦਿਆਂ ਸਭ ਤੋਂ ਮਾੜੀ ਹਾਲਤ ਭਾਜਪਾ ਦੀ, ਉਸ ਪਿੱਛੋਂ ਪਾਟਕ ਦਾ ਸ਼ਿਕਾਰ ਹੋਈ ਕਾਂਗਰਸ ਦੀ ਹੈ ਤੇ ਟੱਕਰ ਦੀਆਂ ਧਿਰਾਂ ਦੂਸਰੀਆਂ ਦੋ ਜਾਪਦੀਆਂ ਹਨ, ਪਰ ਅਗਲੇ ਦਿਨਾਂ ਵਿੱਚ ਇਹੋ ਜਿਹਾ ਪ੍ਰਭਾਵ ਕਾਇਮ ਰਹੇਗਾ, ਇਸ ਦੀ ਰਾਜਨੀਤੀ ਵਿੱਚ ਕਦੇ ਗਾਰੰਟੀ ਨਹੀਂ ਹੁੰਦੀ। ਕਾਂਗਰਸ ਦੀ ਇੱਕ ਵੱਡੀ ਧਿਰ ਅੱਜ ਵੀ ਇਸ ਵਹਿਮ ਵਿੱਚ ਹੈ ਕਿ ਸਾਡੇ ਮੁਕਾਬਲੇ ਦੀ ਕੋਈ ਟੀਮ ਹੀ ਮੌਜੂਦ ਨਹੀਂ ਤਾਂ ਲੋਕਾਂ ਨੂੰ ਅਗਲੀਆਂ ਚੋਣਾਂ ਵਿੱਚ ਫਿਰ ਸਾਡੇ ਪੱਖ ਵਿੱਚ ਹੀ ਭੁਗਤਣਾ ਪੈਣਾ ਹੈ। ਜਦੋਂ ਪਾਰਟੀ ਦੀ ਗੱਡ ਚਿੱਕੜ ਵਿੱਚ ਫਸੀ ਸਾਰੇ ਲੋਕਾਂ ਨੂੰ ਦਿੱਸਦੀ ਹੈ, ਓਦੋਂ ਵੀ ਇਸ ਦੇ ਸਵਾਰ ਜੂਲੇ ਉੱਤੇ ਬਹਿਣ ਲਈ ਲੜੀ ਜਾਂਦੇ ਹਨ। ਜਿਹੜਾ ਇੱਕ ਹੋਰ ਪੱਖ ਇਸ ਵਾਰੀ ਇਸ ਰਾਜ ਦੀ ਚੋਣ ਵਿੱਚ ਅਸਰ ਪਾਉਣ ਵਾਲਾ ਹੈ, ਉਹ ਪੰਜਾਬ ਦੀ ਅਫਸਰਸ਼ਾਹੀ ਹੈ, ਜਿਸ ਨੇ ਪਹਿਲੀ ਵਾਰ ਪੂਰੇ ਪੰਜ ਸਾਲ ਖੁਦ ਸਰਕਾਰ ਚਲਾ ਕੇ ਵੇਖੀ ਹੈ ਤੇ ਅਗਲੀ ਵਾਰੀ ਲਈ ਫਿਰ ਇਸ ਕੋਸ਼ਿਸ਼ ਵਿੱਚ ਹੈ ਕਿ ਉਸ ਪਾਰਟੀ ਨੂੰ ਜਿਤਾਉਣ ਦਾ ਜ਼ੋਰ ਲਾਇਆ ਜਾਵੇ, ਜਿਹੜੀ ਉਨ੍ਹਾਂ ਦੇ ਖਾਣ-ਪੀਣ ਵਿੱਚ ਕੋਈ ਵਿਘਨ ਨਾ ਪਾਵੇ। ਜਿਹੜੇ ਨਜ਼ਾਰੇ ਇਸ ਸ਼੍ਰੇਣੀ ਨੇ ਪਿਛਲੇ ਪੰਜ ਸਾਲ ਬਿਨਾਂ ਰੋਕ ਤੋਂ ਮਾਣੇ ਹਨ, ਉਨ੍ਹਾਂ ਕਾਰਨ ਇਸ ਚੋਣ ਵਿੱਚ ਇਹ ਵੀ ਇੱਕ ਅਣਦਿੱਸਦੀ ਧਿਰ ਜ਼ਰੂਰ ਬਣੇਗੀ।

# ਜਦੋਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਲੇਖ ਲਿਖੇ ਜਾਂਦੇ ਸਨ

-ਅਭੈ ਸਿੰਘ

ਸੰਨ ਸੰਤਾਲੀ ਤੋਂ ਪਹਿਲਾਂ 'ਭਾਰਤ ਵਿੱਚ ਅੰਗਰੇਜ਼ੀ ਰਾਜ ਦੀਆਂ ਬਰਕਤਾਂ' ਦੇ ਸਿਰਲੇਖ ਹੇਠਲੇ ਸਕੂਲਾਂ ਕਾਲਜਾਂ ਦੇ ਇਮਤਿਹਾਨਾਂ ਵਿੱਚ ਲੇਖ ਲਿਖੇ ਆਮ ਵੇਖੇ ਜਾਂਦੇ ਸਨ। ਇਨ੍ਹਾਂ ਵਿੱਚ ਅੰਗਰੇਜ਼ਾਂ ਵੱਲੋਂ ਰੇਲਾਂ ਅਤੇ ਸੜਕਾਂ ਦੇ ਜਾਲ ਵਿਛਾਏ ਜਾਣ ਤੋਂ ਇਲਾਵਾ ਭਾਰਤ ਵਿੱਚ ਕਾਨੂੰਨ ਦਾ ਰਾਜ, ਇਨਸਾਫ ਦਾ ਦਸਤੂਰ ਕਾਇਮ ਕਰਨ ਦੀ ਗੱਲ ਵੀ ਕੀਤੀ ਜਾਂਦੀ ਸੀ। ਨਾਗਰਿਕਾਂ ਦੀ ਜਾਨ-ਮਾਲ ਦੀ ਮੁਕੰਮਲ ਹਿਫਾਜ਼ਤ ਹੋਣ ਦਾ ਦਾਅਵਾ ਕੀਤਾ ਜਾਂਦਾ ਸੀ। ਜੰਮਦੀਆਂ ਲੜਕੀਆਂ ਦੇ ਕਤਲ ਤੇ ਇਨਸਾਨਾਂ ਦੀ ਬਲੀ ਦੇਣ ਦੀਆਂ ਸਮਾਜਕ ਬੁਰਾਈਆਂ ਖਤਮ ਕਰਨ ਤੋਂ ਇਲਾਵਾ ਸਿੱਖਿਆ ਦੇ ਪਸਾਰ ਦਾ ਜ਼ਿਕਰ ਅਤੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦੀ ਸਥਾਪਨਾ ਦਾ ਦਾਅਵਾ ਕੀਤਾ ਜਾਂਦਾ ਸੀ।



ਲੇਖਾਂ ਦੀ ਗੱਲ ਵੱਖਰੀ ਹੈ, ਸਾਨੂੰ ਸਾਰਥਕ ਵਿਚਾਰ ਦੀ ਲੋੜ ਹੈ। ਬਾਹਰੋਂ ਆਉਂਦੇ ਹਮਲਾਵਰਾਂ ਦਾ ਮਕਸਦ ਲੁੱਟਣਾ ਜਾਂ ਕਬਜ਼ਾ ਕਰਨ ਹੁੰਦਾ ਸੀ, ਪਰ ਅਸਾਂ ਹਰ ਹਮਲਾਵਰ ਤੋਂ ਕੁਝ ਨਾ ਕੁਝ ਪ੍ਰਾਪਤ ਕੀਤਾ ਤੇ ਕੁਝ ਨਾ ਕੁਝ ਸਿੱਖਿਆ। ਸੀਤੇ ਕੱਪੜੇ ਪਹਿਨਣਾ ਅਤੇ ਤਵੇ ਜਾਂ ਤੰਦੂਰ ਉਤੇ ਰੋਟੀਆਂ ਬਣਾਉਣਾ ਮੱਧ ਏਸ਼ੀਆ ਦੇ ਹਮਲਾਵਰਾਂ ਤੋਂ ਸਿੱਖਿਆ। ਕਈ ਕਿਸਮ ਦੇ ਬੀਜ ਬਾਹਰੋਂ ਆਏ। ਖਰਬੂਜ਼ਾ ਅਤੇ ਹਦਵਾਣਾ ਫਾਰਸੀ ਦੇ ਸ਼ਬਦ ਹਨ, ਇਹ ਚੀਜ਼ਾਂ ਬਾਬਰ ਦੇ ਵਕਤ ਆਈਆਂ। ਭਵਨ ਬਣਾਉਣਾ ਤੇ ਧਾਤ ਪਿਘਲਉਣਾ ਹੀ ਨਹੀਂ, ਯੂਨਾਨੀ ਇਲਾਜ ਪ੍ਰਣਾਲੀ ਵੀ ਮੁਗ਼ਲ ਹਾਕਮਾਂ ਦੇ ਵਕਤ ਦੀ ਦੇਣ ਹਨ। ਅੰਗਰੇਜ਼ ਵੀ ਭਾਰਤ ਨੂੰ ਲੁੱਟਣ ਵਾਸਤੇ ਆਏ ਸਨ। ਜੇ ਉਨ੍ਹਾਂ ਨੇ ਰੇਲਾਂ ਦਾ ਜਾਲ ਵਿਛਾਇਆ ਤਾਂ ਇਸ ਦਾ ਮਕਸਦ ਸੀ ਕਿ ਲੋੜ ਪੈਣ ਉਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਫੌਜ ਭੇਜੀ ਜਾ ਸਕੇ ਅਤੇ ਕੱਚਾ ਮਾਲ ਆਸਾਨੀ ਨਾਲ ਬੰਦਰਗਾਹਾਂ ਉਤੇ ਪਹੁੰਚੇ। ਇਸ ਤੋਂ ਇਲਾਵਾ ਅੰਗਰੇਜ਼ ਕਾਰੋਬਾਰੀ ਰੇਲਾਂ ਵਿੱਚ ਪੂੰਜੀ ਲਾ ਕੇ ਯਾਤਰੀ ਕਿਰਾਏ ਅਤੇ ਮਾਲ ਢੁਆਈ ਰਾਹੀਂ ਮੁਨਾਫਾ ਕਮਾਉਣਾ ਚਾਹੁੰਦੇ ਸਨ, ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸ ਦਾ ਸਾਡੇ ਲੋਕਾਂ ਨੂੰ ਲਾਭ ਨਹੀਂ ਪਹੁੰਚਿਆ। ਰੇਲਾਂ ਰਾਹੀਂ ਲੋਕ ਇੱਕ ਦੂਜੇ ਦੇ ਨਜ਼ਦੀਕ ਆਏ, ਜਾਣਕਾਰੀਆਂ ਵਧੀਆਂ, ਗਿਆਨ ਵਧਿਆ। ਰੇਲਾਂ ਨੇ ਭਾਰਤ ਨੂੰ ਜੋੜਿਆ।

ਬਰਕਤਾਂ ਵਾਲੇ ਲੇਖਾਂ ਵਿੱਚ ਅੰਗਰੇਜ਼ਾਂ ਵੱਲੋਂ ਇਨਸਾਫ ਪ੍ਰਣਾਲੀ ਸ਼ੁਰੂ ਕਰਨ ਦਾ ਆਮ ਹੀ ਜ਼ਿਕਰ ਹੁੰਦਾ ਸੀ। ਸੱਚੇ ਇਨਸਾਫ ਬਾਰੇ ਸ਼ਿਕਾਇਤਾਂ ਪੁਰ-ਾਣੇ ਜ਼ਮਾਨੇ ਵਿੱਚ ਵੀ ਸਨ, ਬ੍ਰਿਟਿਸ਼ ਰਾਜ ਵਿੱਚ ਵੀ ਸਨ ਅਤੇ ਅੱਜ ਵੀ ਹਨ, ਪਰ ਇਸ ਤੱਥ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਅੰਗਰੇਜ਼ਾਂ ਨੇ ਇਨਸਾਫ ਦਾ ਆਧਾਰ ਲਿਖਤੀ ਕਾਨੂੰਨ ਬਣਾਏ ਸਨ। ਗਵਾਹੀਆਂ, ਬਹਿਸਾਂ ਅਤੇ ਕਾਨੂੰਨ ਦੀਆਂ ਲਿਖਤਾਂ ਵਿਚਾਰੀਆਂ ਜਾਂਦੀਆਂ ਸਨ। ਜੱਜ ਨੂੰ ਆਪਣੇ ਫੈਸਲੇ ਦੇ ਲਿਖਤੀ ਕਾਰਨ ਦੱਸਣੇ ਪੈਂਦੇ ਸਨ ਤੇ ਸਜ਼ਾ ਦੀ ਮਿਆਦ ਬਾਰੇ ਵੀ ਦੱਸਣਾ ਪੈਂਦਾ ਸੀ। ਇਨ੍ਹਾਂ ਫੈਸਲਿਆਂ ਦੇ ਖਿਲਾਫ ਅਪੀਲਾਂ ਦੀ ਰੀਤ ਵੀ ਸੀ। ਇਉਂ ਹਾਕਮ ਵੱਲੋਂ ਸਜ਼ਾਏ ਮੌਤ ਦੇ ਐਲਾਨ, ਹਾਥੀ ਦੇ ਪੈਰ ਹੇਠ ਕੁਚਲ ਕੇ ਮਾਰਨ, ਭੁੱਖੇ ਸ਼ੇਰ ਅੱਗੇ ਸੁੱਟਣ, ਕੋੜੇ ਮਾਰੇ ਜਾਣ ਜਾਂ ਹੱਥ ਪੈਰ ਕੱਟਣ ਦੀਆਂ ਸਜ਼ਾਵਾਂ ਖਤਮ ਹੋ ਗਈਆਂ।

ਜਦੋਂ ਮੁਨਸ਼ੀ ਪ੍ਰੇਮ ਚੰਦ ਨੂੰ ਅੰਗਰੇਜ਼ੀ ਰਾਜ ਦੇ ਖਿਲਾਫ ਲੇਖ ਲਿਖਣ ਕਰ ਕੇ ਕਾਨਪੁਰ ਦੇ ਡਿਪਟੀ ਕਮਿਸ਼ਨਰ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ ਸੀ ਕਿ ਆਪਣੀ ਕਿਸਮਤ ਉਪਰ ਰਸ਼ਕ ਕਰੋ ਕਿ ਅੰਗਰੇਜ਼ੀ ਰਾਜ ਵਿੱਚ ਹੋ, ਮੁਗ਼ਲਾਂ ਦਾ ਰਾਜ ਹੁੰਦਾ ਤਾਂ ਦੋਵੇਂ ਹੱਥ ਕੱਟ ਦਿੱਤੇ ਜਾਂਦੇ। ਡਿਪਟੀ ਕਮਿਸ਼ਨਰ ਗਲਤ ਨਹੀਂ ਸੀ, ਸਜ਼ਾ ਦੇ ਤੌਰ ਤਰੀਕੇ ਤੇ ਸੁਣਵਾਈ ਦੇ ਹੱਕ ਬਾਰੇ ਵੱਡੀ ਤਬਦੀਲੀ ਆ ਚੁੱਕੀ ਸੀ।

ਯੂਰਪ ਸਦੀਆਂ ਤੋਂ ਇਸ ਸੰਸਾਰ ਵਿੱਚ ਸਭ ਤੋਂ ਖੁਸ਼ਹਾਲ ਮਹਾਂਦੀਪ ਰਿਹਾ ਹੈ। ਲੋਕ ਆਮ ਤੌਰ ਉਤੇ ਸਿਹਤਮੰਦ ਤੇ ਤਾਕਤਵਰ ਜੁੱਸੇ ਦੇ ਮਾਲਕ ਸਨ। ਨਵੀਆਂ ਧਰਤੀਆਂ ਦੀ ਖੋਜ ਵਿੱਚ ਯੂਰਪ ਦੇ ਲੋਕ ਹੀ ਚਾਰਾਂ ਦਿਸ਼ਾਵਾਂ ਵੱਲ ਨਿਕਲੇ। ਨਵੇਂ ਮੁਲਕਾਂ ਤੋਂ ਇਲਾਵਾ ਧੁਰ ਦੱਖਣ ਵਿੱਚ ਅੰਟਾਰਟਿਕਾ ਦਾ ਬਰਫੀਲਾ ਮਹਾਂਦੀਪ ਵੀ ਲੱਭਿਆ। 18ਵੀਂ ਸਦੀ ਦੇ ਉਦਯੋਗਿਕ ਇਨਕਲਾਬ, ਖਾਸ ਕਰ ਕੇ ਭਾਫ ਦੇ ਇੰਜਣ ਦੀ ਖੋਜ ਨੇ ਯੂਰਪ ਦੀ ਕਾਇਆ ਪਲਟ ਦਿੱਤੀ। ਫਿਰ ਯੂਰਪੀਨ ਕੌਮਾਂ ਨੂੰ ਹੋਰ ਤਰੱਕੀ ਵਾਸਤੇ ਆਪਣੀ ਧਰਤੀ ਤੰਗ ਨਜ਼ਰ ਆਉਣ ਲੱਗੀ। ਉਹ ਪੂਰਬ ਵੱਲ ਏਸ਼ੀਆ ਤੇ ਅਫਰੀਕਾ ਦੇ ਦੇਸ਼ਾਂ ਉਤੇ ਕਬਜ਼ੇ ਵਾਸਤੇ ਵਧੇ। ਇਸ ਲਈ ਪਹਿਲਾਂ ਉਨ੍ਹਾਂ ਨੂੰ ਆਪੋ ਵਿੱਚ ਅਤੇ ਫਿਰ ਬੇਗਾਨੇ ਦੇਸ਼ਾਂ ਨਾਲ ਜੰਗਾਂ ਲੜਨੀਆਂ ਪਈਆਂ।

ਸਿਰਫ ਆਰਥਿਕ, ਸਨਅਤੀ ਤੇ ਫੌਜੀ ਮਜ਼ਬੂਤੀ ਹੀ ਨਹੀਂ, ਯੂਰਪ ਨੇ ਅੱਖਰ ਗਿਆਨ ਤੇ ਤਾਲੀਮ ਦੀਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ। ਨਵੇਂ ਸਭਿਆਚਾਰ ਦੀ ਉਸਾਰੀ ਹੋਈ ਅਤੇ ਸੱਚੀ ਗੱਲ ਹੈ ਕਿ ਮੁਕਾਬਲਤਨ ਚੰਗੇ ਇਖ਼ਲਾਕ ਦੀ ਵੀ। ਅਸੀਂ ਅਕਸਰ ਇੱਕ ਤਸੱਵਰ ਪੇਸ਼ ਕਰਦੇ ਹਾਂ ਕਿ ਅੰਗਰੇਜ਼ ਬਹਾਦਰ ਨਹੀਂ ਸਨ, ਸਿਰਫ ਧੋਖੇ ਨਾਲ ਅਤੇ ਸਾਡੇ ਜਰਨੈਲਾਂ ਦੀਆਂ ਗੱਦਾਰੀਆਂ ਕਾਰਨ ਜਿੱਤਾਂ ਹਾਸਲ ਕਰਦੇ ਰਹੇ, ਪਰ ਸਵਾਲ ਇਹ ਹੈ ਕਿ ਅੰਗਰੇਜ਼ਾਂ ਦੇ ਜਰਨੈਲ ਕਿਉਂ ਨਹੀਂ ਵਿਕੇ, ਸਾਡੇ ਰਾਜਿਆਂ ਕੋਲ, ਸੋਨਾ ਚਾਂਦੀ ਤੇ ਹੀਰਿਆਂ ਦੇ ਭੰਡਾਰਾਂ ਦੀ ਕਮੀ ਨਹੀਂ ਸੀ। ਅਸੀਂ ਵੇਖਦੇ ਆਏ ਹਾਂ ਕਿ ਸਾਡੇ ਰਾਜਿਆਂ ਦੀਆਂ ਦਰਜਨਾਂ ਰਾਣੀਆਂ ਤੇ ਰਖੇਲਾਂ ਹੁੰਦੀਆਂ ਸਨ। ਦੂਜੇ ਪਾਸੇ ਅੰਗਰੇਜ਼ ਇੱਕੋ ਬੀਵੀ ਰੱਖਦੇ ਸਨ ਤੇ ਅਸੀਂ ਇਸ ਗੱਲ ਨੂੰ ਨਿੰਦਦੇ ਰਹੇ ਕਿ ਉਹ ਬੇਸ਼ਰਮਾਂ ਵਾਂਗ ਉਸ ਦੀ ਬਾਂਹ ਵਿੱਚ ਬਾਂਹ ਪਾ ਕੇ ਸ਼ਾਹੀ ਸੰਮੇਲਨਾਂ ਵਿੱਚ ਆਉਂਦੇ ਸਨ।

ਸ਼ਿਕਾਇਤਾਂ ਸੁਣਦੇ ਹਾਂ ਕਿ ਅੰਗਰੇਜ਼ਾਂ ਨੇ ਬਹਾਦਰ ਸ਼ਾਹ ਜ਼ਫਰ ਤੇ ਲੜਾਈਆਂ ਹਾਰ ਗਏ ਹੋਰ ਕਈ ਰਾਜਿਆਂ ਨਾਲ ਚੰਗਾ ਸਲੂਕ ਨਹੀਂ ਕੀਤਾ, ਚੰਗੀਆਂ ਪੈਸ਼ਨਾਂ ਨਹੀਂ ਦਿੱਤੀਆਂ, ਪਰ ਦੇਸੀ ਹਾਕਮ ਕੀ ਦਿੰਦੇ ਸਨ? ਪਾਣੀਪਤ ਦੀ ਪਹਿਲੀ ਲੜਾਈ ਵੇਲੇ ਬਾਬਰ ਨੇ ਇਬਰਾਹਮ ਲੋਧੀ ਦਾ ਸਿਰ ਕੱਟ ਕੇ ਨੇਜ਼ੇ ਉਤੇ ਟੰਗਿਆ। ਦੂਜੀ ਲੜਾਈ ਤੋਂ ਬਾਅਦ ਬੈਰਮ ਖਾਂ ਨੇ 16 ਸਾਲ ਦੇ ਅਕਬਰ ਦੇ ਹੱਥ ਤਲਵਾਰ ਦਿੱਤੀ ਕਿ ਭਰੇ ਜਲਸੇ ਵਿੱਚ ਹੇਮੂ ਦਾ ਸਿਰ ਕੱਟ ਕੇ ਗਾਜ਼ੀ ਬਣੋ। ਔਰੰਗਜ਼ੇਬ ਨੇ ਆਪਣੇ ਸਕੇ ਭਰਾਵਾਂ ਦੇ ਹੀ ਨਹੀਂ, ਉਨ੍ਹਾਂ ਦੇ ਸਾਰੇ ਬੱਚਿਆਂ ਦੇ ਸਿਰ ਵੀ ਕਲਮ ਕੀਤੇ ਕਿ ਕੋਈ ਤਖਤ ਦਾ ਦਾਅਵੇਦਾਰ ਨਾ ਉਠ ਪਵੇ। ਲਾਹੌਰ ਵਿੱਚ 19ਵੀਂ ਸਦੀ ਦੀ ਗੱਲ ਹੈ, ਜਦੋਂ ਮਹਾਰਾਜਾ ਸ਼ੇਰ ਸਿੰਘ ਦੇ ਨਾਲ ਉਸ ਦੇ 12 ਸਾਲਾ ਪੁੱਤਰ ਪ੍ਰਤਾਪ ਸਿੰਘ ਦਾ ਸਿਰ ਕੱਟ ਕੇ ਨੇਜ਼ੇ ਉਪਰ ਟੰਗਿਆ ਗਿਆ ਸੀ।

1857 ਦੀ ਬਗਾਵਤ ਦਬਾਏ ਜਾਣ ਪਿੱਛੋਂ ਬ੍ਰਿਟੇਨ ਦੀ ਸਰਕਾਰ ਨੇ ਭਾਰਤ ਦੀ ਹਕੂਮਤ ਈਸਟ ਇੰਡੀਆ ਕੰਪਨੀ ਤੋਂ ਲੈ ਕੇ ਸਿੱਧੀ ਆਪਣੇ ਅਧੀਨ ਕਰ ਲਈ ਕਿ ਏਥੋਂ ਦਾ ਬਾਦਸ਼ਾਹ ਭਾਰਤ ਦਾ ਬਾਦਸ਼ਾਹ ਵੀ ਹੋਵੇਗਾ ਤੇ ਭਾਰਤ ਵਾਸਤੇ ਕਾਨੂੰਨ ਬ੍ਰਿਟਿਸ਼ ਪਾਰਲੀਮੈਂਟ ਬਣਾਇਆ ਕਰੇਗੀ। ਇਸ ਤਰ੍ਹਾਂ ਅੰਗਰੇਜ਼ਾਂ ਨੇ ਭਾਰਤ ਨੂੰ ਮਲਕਾ ਵਿਕਟੋਰੀਆ ਦੇ ਰੂਪ ਵਿੱਚ ਪਹਿਲਾਂ ਬਾਦਸ਼ਾਹ ਦਿੱਤਾ। ਫਿਲਮ 'ਮੁਗ਼ਲ-ਏ-ਆਜ਼ਮ' ਦੇ ਸੰਵਾਦ ਵੱਖਰੀ ਗੱਲ ਹਨ, ਅਕਬਰ ਨੇ ਕਦੇ ਆਪਣੇ ਆਪ ਨੂੰ ਹਿੰਦੋਸਤਾਨ ਦਾ ਬਾਦਸ਼ਾਹ ਤਸੱਵਰ ਨਹੀਂ ਕੀਤਾ ਸੀ। ਉਹ ਮੁਗ਼ਲ ਸਲਤਨਤ ਦਾ ਸ਼ਹਿਨਸ਼ਾਹ ਸੀ, ਜਿਸ ਦੇ ਅਧੀਨ ਅੱਜ ਵਾਲਾ ਸਾਰਾ ਹਿੰਦੋਸਤਾਨ ਨਹੀਂ ਸੀ, ਪਰ ਕਾਬਲ ਤੇ ਕੰਧਾਰ ਜ਼ਰੂਰ ਸਨ। ਅੰਗਰੇਜ਼ੀ ਰਾਜ ਵਿੱਚ ਹੀ ਪਹਿਲੀ ਵਾਰ 'ਭਾਰਤ ਸਰਕਾਰ' ਦੇ ਨਾਂਅ ਦਾ ਸਿੱਕਾ ਚੱਲਿਆ। ਭਾਰਤ ਦਾ ਵਰਤਮਾਨ ਨਕਸ਼ਾ ਅੰਗਰੇਜ਼ਾਂ ਦਾ ਬਣਾਇਆ ਹੋਇਆ ਹੈ। ਭਾਰਤ ਦਾ ਸਰੂਪ ਅੰਗਰੇਜ਼ਾਂ ਦੀ ਦੇਣ ਹੈ। ਸਭ ਤੋਂ ਵੱਡੀ ਗੱਲ ਕਿ ਦੇਸ਼ ਦਾ ਰਾਜਸੀ ਇੰਤਜ਼ਾਮ ਤੇ ਇਨਸਾਫ ਪ੍ਰਣਾਲੀ ਸ਼ਖਸੀ ਸ਼ਾਹੀ ਫਰਮਾਨਾਂ ਦੀ ਬਜਾਏ ਲਿਖਤੀ ਕਾਨੂੰਨਾਂ ਦੇ ਆਧਾਰ ਉਤੇ ਚੱਲਣ ਲੱਗ ਪਈ। ਇਹ ਕਾਨੂੰਨ ਬ੍ਰਿਟਿਸ਼ ਪਾਰਲੀਮੈਂਟ ਬਣਾਉਂਦੀ ਸੀ। ਬੇਸ਼ੱਕ ਉਸ ਵਿੱਚ ਨਾ ਕੋਈ ਭਾਰਤੀ ਹੁੰਦਾ ਸੀ ਅਤੇ ਨਾ ਕੋਈ ਭਾਰਤ ਵੱਲੋਂ ਚੁਣਿਆ ਗਿਆ ਸ਼ਖਸ, ਪਰ ਇਹ ਕਾਨੂੰਨ ਕੁਝ ਲੋਕਾਂ ਦੀਆਂ ਬਹਿਸਾਂ ਤੋਂ ਬਾਅਦ ਬਣਦੇ ਸਨ ਤੇ ਨਿਰਸੰਦੇਹ ਸ਼ਖਸੀ ਹਾਕਮਾਂ ਦੇ ਐਲਾਨਾਂ, ਇੱਕ ਬੰਦੇ ਦੀ ਮਰਜ਼ੀ ਦੇ, ਮੁਕਾਬਲੇ ਇੱਕ ਹੱਦ ਤੱਕ ਦਾ ਅਗਾਂਹ-ਵਧੂ ਕਦਮ ਸੀ।

ਅੰਗਰੇਜ਼ੀ ਰਾਜ ਦੇ ਵਕਤ ਲੋਕਾਂ ਦੇ ਜਲਸੇ, ਜਲੂਸਾਂ ਅਤੇ ਰੋਸ ਮੁਜ਼ਾਹਰਿਆਂ ਉਪਰ ਲਾਠੀਚਾਰਜ ਹੋਏ, ਗੋਲੀਆਂ ਚੱਲੀਆਂ ਤੇ ਲੋਕ ਮਾਰੇ ਗਏ। ਸਾਡਾ ਦੁੱਖ ਜਾਇਜ਼ ਹੈ, ਪਰ ਜਲਸਿਆਂ ਅਤੇ ਰੋਸ ਮੁਜ਼ਾਹਰਿਆਂ ਦਾ ਪ੍ਰਗਟ ਹੋਣਾ, ਇਨ੍ਹਾਂ ਦਾ ਦੌਰ ਇਤਿਹਾਸਕ ਜੁੱਗ ਬਦਲੀ ਸਦਕਾ ਹੋਇਆ ਸੀ, ਜਿਸ ਦੀ ਸ਼ੁਰੂਆਤ ਅੰਗਰੇਜ਼ੀ ਰਾਜ ਵਿੱਚ ਹੀ ਹੋਈ। ਇਹ ਸਭ ਕੁਝ ਸਿੱਖਿਆ ਦੇ ਪਸਾਰ ਤੇ ਸੰਚਾਰ ਦੇ ਵਿਕਸਤ ਸਾਧਨਾਂ ਦੀ ਦੇਣ ਸੀ ਤੇ ਯੂਰਪੀ ਦੇਸ਼ਾਂ ਦੀ ਅੰਦਰੂਨੀ ਜਮਹੂਰੀਅਤ ਦੀ ਝਲਕ ਨੇ ਗੁਲਾਮ ਦੇਸ਼ਾਂ ਅੰਦਰ ਜਾਗ੍ਰਤੀ ਪੈਦਾ ਕੀਤੀ। ਇਹ ਜਗੀਰੂ ਜਕੜ ਤੋਂ ਬਾਅਦ ਪੂੰਜੀਵਾਦੀ ਉਦਾਰਤ ਅਤੇ ਖੁੱਲ੍ਹਾਂ ਵੱਲ ਨੂੰ ਤਬਦੀਲੀ ਸੀ। ਇਸ ਨੇ ਲੋਕਾਂ ਅੰਦਰ ਸੰਗਠਨਾਤਮਕ ਸ਼ਕਤੀ ਪ੍ਰਤੀ ਵਿਸ਼ਵਾਸ ਪੈਦਾ ਕੀਤ।

ਇੱਕ ਅੰਕੜਾ ਇਹ ਵੀ ਨਹੀਂ ਝੁਠਲਾਇਆ ਜਾ ਸਕਦਾ ਕਿ 1857 ਤੋਂ ਲੈ ਕੇ 1947 ਤੱਕ ਨੱਬੇ ਸਾਲਾਂ ਦੌਰਾਨ ਬਾਕਾਇਦਾ ਅੰਗਰੇਜ਼ੀ ਰਾਜ ਵਿੱਚ ਜਿੰਨੇ ਲੋਕ ਫੌਜ ਜਾਂ ਪੁਲਸ ਦੀਆਂ ਗੋਲੀਆਂ ਨਾਲ ਮਰੇ, 1947 ਤੋਂ ਬਾਅਦ ਅੱਜ ਤੱਕ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਵਿੱਚ ਉਸ ਤੋਂ ਕੋਈ ਗੁਣਾਂ ਵੱਧ ਮਰੇ ਹਨ।

ਜਦੋਂ ਇਹ ਕਿਹਾ ਜਾਂਦਾ ਹੈ ਕਿ ਭਾਰਤੀਆਂ ਨੂੰ ਆਜ਼ਾਦੀ ਦੀ ਜਾਗ ਵੀ ਅੰਗਰੇਜ਼ਾਂ ਨੇ ਲਾਈ ਤਾਂ ਪੂਰੀ ਤਰ੍ਹਾਂ ਗਲਤ ਨਹੀਂ। ਭਾਰਤੀਆਂ ਦੇ ਲਈ ਆਜ਼ਾਦ ਦੇਸ਼ ਦੀ ਪਹਿਲੀ ਝਲਕ ਹੀ ਇੰਗਲੈਂਡ ਸੀ। ਉਥੋਂ ਵਾਸਤੇ ਕਾਨੂੰਨ ਉਨ੍ਹਾਂ ਦੀ ਆਪਣੀ ਪਾਰਲੀਮੈਂਟ ਬਣਾਉਂਦੀ ਸੀ, ਜਿਸ ਦੇ ਮੈਂਬਰ ਉਥੋਂ ਦੇ ਲੋਕ ਚੁਣਦੇ ਸਨ। ਇਸੇ ਵਾਸਤੇ ਸਾਡੀ ਆਜ਼ਾਦੀ ਦੀ ਜੱਦੋਜਹਿਦ ਕਰਨ ਵਾਲੇ ਲੀਡਰ ਇੰਗਲੈਂਡ ਵਿੱਚ ਪੜ੍ਹੇ ਹੀ ਸਨ। ਉਥੇ ਖੁੱਲ੍ਹੀਆਂ ਰਾਜਨੀਤਕ ਬਹਿਸਾਂ ਇਨ੍ਹਾਂ ਦੀ ਤਾਲੀਮ ਦਾ ਹਿੱਸਾ ਹੁੰਦੀਆਂ ਸਨ, ਜਿਨ੍ਹਾਂ ਵਿੱਚ ਭਾਰਤ ਦੀ ਗੁਲਾਮੀ ਦੀ ਲੋੜ ਪ੍ਰਸ਼ਨ ਚਿੰਨ੍ਹ ਲਾ ਕੇ ਵਿਚਾਰੀ ਜਾਂਦੀ ਸੀ। ਇਹ ਬਹਿਸਾਂ ਭਾਰਤ ਦੇ ਅਖਬਾਰਾਂ ਵਿੱਚ ਛਪਦੀਆਂ ਤੇ ਇਧਰ ਵੀ ਗੋਸ਼ਟੀਆਂ ਹੁੰਦੀਆਂ। ਇਸੇ ਚੌਖਟੇ ਮੁਤਾਬਕ ਭਾਰਤ ਵਿੱਚ ਕੌਮੀ ਅਸੈਂਬਲੀ ਬਣੀ ਤੇ ਉਸ ਵਾਸਤੇ ਸ਼ਾਨਦਾਰ ਭਵਨ ਬਣਿਆ। ਇਹ ਅਸੈਂਬਲੀ ਨਾ ਪ੍ਰਤੀਨਿਧ ਸੀ ਤੇ ਨਾ ਬਾਅਖਤਿਆਰ, ਪਰ ਆਜ਼ਾਦੀ ਦੀ ਪ੍ਰਕਿਰਿਆ ਦਾ ਆਧਾਰ ਬਣੀ। ਇਸ ਦੇ ਹਾਲ ਵਿੱਚ ਹੀ ਆਜ਼ਾਦੀ ਦੇ ਐਲਾਨ ਨੇ ਅਮਲੀਜਾਮਾ ਪਹਿਨਿਆ। ਭਾਰਤ ਦੀ ਆਜ਼ਾਦੀ ਦਾ ਮੁੱਖ ਕਾਰਨ ਅੰਗਰੇਜ਼ਾਂ ਦਾ ਦੂਜੀ ਸੰਸਾਰ ਜੰਗ ਜਿੱਤਣ ਦੇ ਬਾਵਜੂਦ ਲੱਕ ਟੁੱਟਣਾ ਦੱਸਿਆ ਜਾਂਦਾ ਹੈ। ਇਹ ਠੀਕ ਹੋਵੇਗਾ, ਪਰ ਅਸੀਂ ਅੰਗਰੇਜ਼ਾਂ ਦੀ ਦੂਰ-ਦ੍ਰਿਸ਼ਟੀ ਜਾਂ ਯੂਰਪੀਨ ਖੁੱਲ੍ਹੇਪਣ ਦੀ ਇੱਕ ਮਿਸਾਲ ਅੱਖੋਂ ਪਰੋਖੇ ਨਹੀਂ ਕਰ ਸਕਦੇ। ਇੰਗਲੈਂਡ ਦੇ ਵੋਟਰਾਂ ਨੇ ਭਾਰਤ ਦੀ ਆਜ਼ਾਦੀ ਦਾ ਪੱਖ ਲੈਣ ਵਾਲੀ ਪਾਰਟੀ ਨੂੰ ਵੋਟਾਂ ਪਾਈਆਂ। ਆਜ਼ਾਦੀ ਦਾ ਕਾਨੂੰਨ ਪਾਰਲੀਮੈਂਟ ਨੇ ਪਾਸ ਕੀਤਾ ਅਤੇ ਇਹ ਕਾਨੂੰਨ ਵੀ ਪਾਸ ਕੀਤਾ ਕਿ ਅੱਗੇ ਤੋਂ ਇੰਗਲੈਂਡ ਦਾ ਬਾਦਸ਼ਾਹ ਭਾਰਤ ਦਾ ਬਾਦਸ਼ਾਹ ਨਹੀਂ ਹੋਵੇਗਾ। ਇਨ੍ਹਾਂ ਕਾਨੂੰਨਾਂ ਉਤੇ ਬਾਦਸ਼ਾਹ ਨੇ ਦਸਤਖਤ ਕੀਤੇ। ਏਥੇ ਮੁੱਦਾ ਇਹ ਹੈ ਕਿ 'ਭਾਰੀ ਕੁਰਬਾਨੀਆਂ ਨਾਲ ਲਾਲ ਕਿਲ੍ਹੇ ਉੱਤੇ ਗੱਡੇ ਯੂਨੀਅਨ ਜੈਕ ਦੀ ਆਖਰੀ ਵਕਤ ਤੱਕ ਰਾਖੀ ਦੇ ਜਗੀਰੂ ਪੱਛੜੇਪਣ ਉਪਰ ਪੂੰਜੀਵਾਦੀ ਸਮਝਦਾਰੀ ਭਾਰੂ ਪੈ ਗਈ।

ਅਸੀਂ ਰਾਜ-ਪੱਥ ਤੋਂ ਮਲਿਕਾ ਵਿਕਟੋਰੀਆ ਦਾ ਬੁੱਤ ਹਟਾ ਦਿੱਤਾ, ਕਰਜ਼ਨ ਰੋਡ ਤੇ ਕਨਾਟ ਪਲੇਸ ਦੇ ਇਤਿਹਾਸਕ ਨਾਮ ਬਦਲ ਦਿੱਤੇ। ਮੁੰਬਈ ਦੇ ਵਿਕਟੋਰੀਆ ਟਰਮੀਨਲ ਸਟੇਸ਼ਨ ਦਾ ਨਾਂਅ ਬਦਲ ਦਿੱਤਾ, ਪਰ ਇਸ ਤਰ੍ਹਾਂ ਇਤਿਹਾਸ ਦੇ ਪੰਨੇ ਮਿਟਾਏ ਨਹੀਂ ਜਾ ਸਕਦੇ। ਇਤਿਹਾਸ ਕਦੇ ਵੀ ਸ਼ਾਨਾਮੱਤਾ ਨਹੀਂ ਹੁੰਦਾ, ਨਾਮੋਸ਼ੀ ਜਨਕ ਨਹੀਂ ਹੁੰਦਾ, ਇਹ ਸਿਰਫ ਇਤਿਹਾਸ ਹੁੰਦਾ ਹੈ। ਅੰਗਰੇਜ਼ੀ ਦੌਰ ਨੇ ਭਾਰਤ ਨੂੰ, ਭਾਵੇਂ ਪੂਰੀ ਤਰ੍ਹਾਂ ਨਹੀਂ, ਪਰ ਪੱਛੜੇ ਸਾਮੰਤਸ਼ਾਹੀ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਪੂੰਜੀਵਾਦੀ ਯੁੱਗ ਵਿੱਚ ਲਿਆਂਦਾ ਹੈ, ਮੱਧ-ਕਾਲੀਨ ਬਰਬਰਤਾ ਤੋਂ ਨਿਕਲ ਕੇ ਆਧੁਨਿਕ ਯੁੱਗ ਦਾ ਰਸਤਾ ਖੁੱਲ੍ਹਿਆ ਹੈ। ਇਸ ਦੌਰ ਨੂੰ ਸਮਾਜਕ ਤੇ ਵਿਗਿਆਨਕ ਤਬਦੀਲੀ ਦੇ ਕੋਣ ਤੋਂ ਵੀ ਵਿਚਾਰਨ ਦੀ ਲੋੜ ਹੈ।

# ਮੈਂ ਜਿੱਥੇ ਵੀ ਹਾਂ, ਦਿੱਲੀ ਦੀਆਂ ਬਰੂਹਾਂ ਉੱਤੇ ਹਾਂ

-ਹਰਮੀਤ ਵਿਦਿਆਰਥੀ

ਦੱਖਣ ਦੀ ਹਿੰਦੀ ਵਿੱਚ ਡੱਬ ਫਿਲਮ 'ਨਾਟ ਆਊਟ' ਦੇਖ ਰਿਹਾ ਸਾਂ। ਕਿਸਾਨ ਪਰਵਾਰ ਵਿੱਚੋਂ ਆਈ ਕੁਸ਼ੱਲਿਆ ਮੰਜੂਨਾਥ 'ਵਿਮੈਨ ਆਫ ਦਿ ਮੈਚ' ਸਨਮਾਨ ਪ੍ਰਾਪਤ ਕਰਨ ਪਿੱਛੋਂ ਬੋਲ ਰਹੀ ਹੈ: "ਅਸੀਂ ਗਿਆਰਾਂ ਪਲੇਅਰ ਵਰਲਡ ਕੱਪ ਜਿੱਤਣ ਆਏ ਹਾਂ, ਸਾਰਾ ਮੁਲਕ ਸਾਡੇ ਪਿੱਛੇ ਖੜ੍ਹਾ ਹੈ।' ਫਿਲਮ ਵਿੱਚ ਉਹ ਇਹ ਗੱਲ ਆਪਣੇ ਪਰਵਾਰ ਦੇ ਪ੍ਰਸੰਗ ਵਿੱਚ ਕਰ ਰਹੀ ਸੀ, ਪਰ ਮੈਨੂੰ ਲੱਗਦਾ ਹੈ ਕਿ ਇਹ ਸਵਾਲ ਸਾਡੇ ਸਾਰਿਆਂ ਦੇ ਸਾਹਮਣੇ ਖੜ੍ਹਾ ਹੈ-ਕੀ ਕਿਸਾਨਾਂ ਦੀ ਲੜਾਈ ਦੀ ਜਿੱਤ ਲਈ ਕੋਈ ਖੜ੍ਹਾ ਹੈ? ਨੌਂ ਅਗਸਤ 2020 ਤੋਂ ਪੰਜਾਬ ਦੀਆਂ ਸੜਕਾਂ, ਰੇਲ ਪਟੜੀਆਂ, ਰਿਲਾਇੰਸ ਦੇ ਪੰਪਾਂ ਅਤੇ ਮਾਲਜ਼ ਤੋਂ ਸ਼ੁਰੂ ਹੋਏ ਇਸ ਅੰਦੋਲਨ ਨੂੰ 12 ਮਹੀਨੇ ਹੋ ਚੁੱਕੇ ਨੇ। ਦਿੱਲੀ ਦੀਆਂ ਬਰੂਹਾਂ ਮੱਲ ਕੇ ਬੈਠਿਆਂ ਨੂੰ ਵੀ ਸਾਢੇ ਅੱਠ ਮਹੀਨੇ ਹੋ ਚੁੱਕੇ ਹਨ। ਪੋਹ ਮਾਘ ਦਾ ਕੱਕਰ, ਮਨਫੀ ਡਿਗਰੀ ਤਾਪਮਾਨ, ਮੀਂਹ, ਭਰ ਗਰਮੀ, ਲੂ, ਹਨੇਰੀਆਂ। ਕੀ ਨਹੀਂ ਜਰਿਆ। ਅੰਨਦਾਤੇ ਨੇ ਖੁੱਲ੍ਹੇ ਅਸਮਾਨ ਥੱਲੇ ਬਿਸਤਰੇ ਲਾ ਕੇ ਕੱਟੇ ਨੇ।

ਲੜਾਈ ਵਕਤ ਦੀ ਹਕੂਮਤ ਦੀ ਕਾਰਪੋਰੇਟ ਘਰਾਣਿਆਂ ਦੀ ਪੁਸ਼ਤਪਨਾਹੀ ਲਈ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੀ ਹੈ। ਨਿੱਤ ਦਿਹਾੜੇ ਨਵੇਂ ਰੰਗੇ ਬਦਲਣ ਤੋਂ ਬਾਅਦ ਇਹ ਮੋਰਚਾ ਅੱਜ ਸਹਿਜ ਰੌਅ ਵਿੱਚ ਹੈ। ਸ਼ੰਭੂ, ਟਿਰਕੀ, ਸ਼ਾਹਜਹਾਂਪੁਰ, ਗਾਜ਼ੀਪੁਰ ਨੂੰ ਪਿਕਨਿਕ ਸਥਾਨ ਸਮਝ ਕੇ ਸੈਲਫੀਆਂ ਖਿਚਾਉਣ ਵਾਲੇ ਘਰੋ-ਘਰੀ ਆ ਚੁੱਕੇ ਨੇ। ਇਸ ਦੇ ਬਾਵਜੂਦ ਇਨ੍ਹਾਂ ਬਾਰਡਰਾਂ ਉੱਤੇ ਜਾਣ ਵਾਲਿਆਂ ਦੀ ਲੜੀ ਟੁੱਟਣ ਵਿੱਚ ਨਹੀਂ ਆ ਰਹੀ। ਇਹੀ ਇਸ ਲੜਾਈ ਦੀ ਤਾਕਤ ਹੈ। ਇਸ ਲੜਾਈ ਨੂੰ ਖਾਲਿਸਤਾਨੀ, ਸਿਰਫ ਪੰਜਾਬੀ, ਪਾਕਿਸਤਾਨੀ, ਚੀਨੀ, ਸਿੱਖ ਬਨਾਮ ਕਾਮਰੇਡ, ਪੰਜਾਬ ਬਨਾਮ ਦੇਸ਼, ਪੰਜਾਬ ਬਨਾਮ ਹਰਿਆਣਾ, ਸਤਲੁਜ ਜਮਨਾ ਲਿੰਕ ਨਹਿਰ, ਜਥੇਬੰਦੀਆਂ ਬਨਾਮ ਨੌਜਵਾਨ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਅੰਤ ਨਹੀਂ ਰਿਹਾ, ਪਰ ਸਰਕਾਰ ਦਾ ਹਰ ਹਰਬਾ ਫੇਲ੍ਹ ਰਿਹਾ, ਕਿਉਂਕਿ ਲੜਾਈ ਕਿਸਾਨ ਲੜ ਰਿਹਾ ਹੈ ਤੇ ਹਰ ਉਹ ਭਾਈਚਾਰਾ, ਜਿਸ ਨੂੰ ਮਿੱਟੀ ਨਾਲ ਮੋਹ ਹੈ, ਇਸ ਲੜਾਈ ਨੂੰ ਆਪਣੀ ਲੜਾਈ ਨੂੰ ਆਪਣੀ ਸਮਝ ਰਿਹਾ ਹੈ।

ਮਿੱਟੀ ਨੂੰ ਮੋਹ ਕਰਨ ਵਾਲਿਆਂ ਦੀ ਲੜਾਈ ਸਿਰਫ ਹਕੂਮਤ ਨਾਲ ਨਹੀਂ। ਜੇ ਗੱਲ ਸਿਰਫ ਇੰਨੀ ਕੁ ਹੁੰਦੀ ਤਾਂ ਅੱਜ ਤੱਕ ਮੁੱਕ ਗਈ ਹੁੰਦੀ। ਸਰਕਾਰ ਕਾਰਪੋਰੇਟਾਂ ਦੇ ਕਹਿਣੇ ਵਿੱਚ ਹੈ, ਅਤੇ ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਵਪਾਰ ਸੰਸਥਾ ਦੀ ਗੁਲਾਮ। ਨੱਬੇਵਿਆਂ ਦੇ ਸ਼ੁਰੂ ਵਿੱਚ ਗੈਟ ਸਮਝੌਤਿਆਂ ਅਤੇ ਡੰਕਲ ਡਰਾਫਟ ਖਿਲਾਫ ਬੋਲਣ ਵਾਲੇ ਕਾਮਰੇਡ ਲੋਕਾਂ ਨੂੰ ਪਾਗਲ ਲੱਗਦੇ ਸਨ, ਪਰ ਉਨ੍ਹਾਂ ਸਮਝੌਤਿਆਂ ਦੇ ਅਸਰ ਪਹਿਲਾਂ ਹੌਲੀ-ਹੌਲੀ ਅਤੇ 2014 ਤੋਂ ਬਾਅਦ ਤੇਜ਼ੀ ਨਾਲ ਸਾਡੇ ਸਾਹਮਣੇ ਆ ਰਹੇ ਹਨ। ਨਿਮਨ ਅਤੇ ਮੱਧ ਸ਼੍ਰੇਣੀ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਪਬਲਿਕ ਸੈਕਟਰ ਖਤਮ ਕੀਤਾ ਜਾ ਰਿਹਾ ਹੈ। ਘਰ ਦੇ ਭਾਂਡੇ ਵੇਚ ਕੇ ਐਸ਼ ਦਾ ਸਾਮਾਨ ਖਰੀਦਿਆ ਜਾਂਦਾ ਹੈ। ਰੇਲਵੇ, ਹਵਾਈ ਅੱਡੇ, ਬੰਦਰਗਾਹਾਂ, ਪੈਟਰੋਲੀਅਮ ਸਭ ਕੁਝ ਇੱਕ-ਇੱਕ ਕਰ ਕੇ ਵੇਚਿਆ ਜਾ ਰਿਹਾ ਹੈ। ਇੱਕ ਸਵਾਲ ਹਰ ਸ਼ਖਸ ਨੂੰ ਖੁਦ ਤੋਂ ਪੁੱਛਣਾ ਚਾਹੀਦਾ ਹੈ ਕਿ ਜੇ ਸਰਕਾਰੀ ਅਦਾਰੇ ਸੱਚਮੁੱਚ ਘਾਟੇ ਵਿੱਚ ਹਨ ਤਾਂ ਪ੍ਰਾਈਵੇਟ ਵਪਾਰੀ ਘਾਟੇ ਦਾ ਸੌਦਾ ਖਰੀਦਣ ਲਈ ਤਰਲੋਮੱਛੀ ਕਿਉਂ ਹੋ ਰਿਹਾ ਹੈ, ਅਤੇ ਜੇ ਸਰਕਾਰੀ ਅਦਾਰੇ ਮੁਨਾਫੇ ਵਿੱਚ ਹਨ ਤਾਂ ਸਰਕਾਰ ਇਨ੍ਹਾਂ ਨੂੰ ਵੇਚਣ ਲਈ ਕਿਉਂ ਪੱਬਾਂ ਭਾਰ ਹੋਈ ਖਲੋਤੀ ਹੈ। ਅਜਿਹੇ ਸਮਿਆਂ ਵਿੱਚ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਨਾ ਹੋਵੇ, ਇਸ ਲਈ ਹਕੂਮਤ ਰੋਜ਼ ਨਵੇਂ ਮਸਲੇ ਉਛਾਲਦੀ ਹੈ। ਇਨ੍ਹਾਂ ਮਸਲਿਆਂ ਦੇ ਵਾਵਰੋਲਿਆਂ ਵਿੱਚ ਅਸਲੀ ਸਵਾਲ ਗੁੰਮ ਗੁਆਚ ਜਾਂਦੇ ਨੇ। ਜਿਨ੍ਹਾਂ ਦੇ ਸਿਰ ਅਸਲ ਸਵਾਲਾਂ ਨੂੰ ਲੋਕਾਂ ਦੇ ਸਨਮੁੱਖ ਰੱਖ ਕੇ ਲਾਮਬੰਦੀ ਦੀ ਜ਼ਿੰਮੇਵਾਰੀ ਸੀ, ਉਹ ਫਾਸ਼ੀਵਾਦ ਦੀ ਭੂਲ-ਭੁਲਈਆ ਵਿੱਚ ਅਜਿਹੇ ਗੁਆਚੇ ਕਿ ਬਾਕੀ ਸਾਰੇ ਮਸਲੇ ਹੀ ਵਿਸਾਰ ਦਿੱਤੇ।

ਮਨੁੱਖੀ ਜ਼ਿੰਦਗੀ ਦਿਨ-ਬ-ਦਿਨ ਮੁਸ਼ਕਲ ਹੋ ਰਹੀ ਹੈ। ਪ੍ਰਾਈਵੇਟ ਸਕੂਲ ਤੇ ਹਸਪਤਾਲ, ਪ੍ਰਾਈਵੇਟ ਟਰਾਂਸਪੋਰਟ, ਸ਼ਾਪਿੰਗ ਮਾਲ, ਪੀ ਵੀ ਆਰ, ਐਕਸਪ੍ਰੈਸ ਵੇਅ। ਕਦੇ ਨਿਗਾਹ ਮਾਰ ਕੇ ਦੇਖਿਓ, ਇਨ੍ਹਾਂ ਥਾਵਾਂ ਉਤੇ ਕੌਣ ਲੋਕ ਹੁੰਦੇ ਹਨ। ਹਰ ਖੇਤਰ ਵਿੱਚੋਂ ਸਾਧਾਰਨ ਆਦਮੀ ਦੀ ਵਿਦਾਇਗੀ ਦੀ ਕਹਾਣੀ ਲਿਖੀ ਜਾ ਚੁੱਕੀ ਹੈ। ਲੋਕਾਂ ਵੱਲੋਂ, ਲੋਕਾਂ ਲਈ, ਲੋਕਾਂ ਦੀ ਹਕੂਮਤ ਦਾ ਮਾਣ ਕਰਨ ਵਾਲਾ ਮੀਡੀਆ ਵੀ ਨਜ਼ਰ ਰੱਖਣ ਦੀ ਥਾਂ ਪੂਛ ਹਿਲਾਉਣ ਵਾਲਾ ਬਣ ਗਿਆ ਹੈ। ਸਿਆਸਤਦਾਨ, ਕਾਰਪੋਰੇਟ, ਮੀਡੀਆ, ਪੁਲਸ, ਨੌਕਰਸ਼ਾਹੀ, ਸਭ ਆਮ ਲੋਕਾਂ ਖਿਲਾਫ ਬਣੇ ਮੋਰਚੇ ਦੇ ਭਾਈਵਾਲ ਹੋ ਗਏ। ਸੁੱਖ ਸਹੂਲਤਾਂ ਦੇ ਨਾਂਅ ਉਤੇ ਲੋਕਾਂ ਨੂੰ ਆਪਸ ਵਿੱਚ ਤੋੜ ਕੇ ਇਕੱਲਿਆਂ ਕਰ ਦੇਣ ਦਾ ਪ੍ਰੋਜੈਕਟ ਜ਼ੋਰਾਂ ਉਤੇ ਹੈ। ਆਨਲਾਈਨ ਸ਼ਾਪਿੰਗ ਤੇ ਬਿਲਿੰਗ, ਆਨਲਾਈਨ ਮੂਵੀ। ਹਰ ਉਹ ਥਾਂ ਜਿੱਥੇ ਚਾਰ ਜੀਅ ਰਲ ਕੇ ਬੈਠ ਸਕਦੇ ਹੋਣ, ਗੱਲ ਕਰ ਸਕਦੇ ਹੋਣ, ਉਹਦਾ ਖਾਤਮਾ ਕਰਨ ਲਈ ਬਾਜ਼ਾਰ ਪੱਬਾਂ ਭਾਰ ਹੈ। ਆਨਲਾਈਨ ਐਜੂਕੇਸ਼ਨ 'ਚੱਲ' ਰਹੀ ਹੈ।

ਅਜਿਹੇ ਸਮੇਂ ਵਿੱਚ ਇਕਬਾਲ ਦੇ ਕਹਿਣ ਅਨੁਸਾਰ 'ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ'। ਸਿਆਸੀ ਵਿਰੋਧੀਆਂ ਨੂੰ ਨਿੱਸਲ ਕਰ ਕੇ, ਯੂਨੀਵਰਸਿਟੀਆਂ ਨੂੰ ਲੋਕਾਂ ਵਿੱਚ ਬੱਦੂ ਕਰ ਕੇ, ਵਿਰੋਧ ਦੀ ਹਰ ਆਵਾਜ਼ ਨੂੰ ਪਿੰਜਰੇ ਪਾ ਕੇ ਆਪਣੇ ਖਾਸ ਯਾਰਾਂ ਦੇ ਮੁਨਾਫੇ ਦੀ ਹਾਬੜ ਪੂਰੀ ਕਰਨ ਲਈ ਕਿਸਾਨੀ ਨੂੰ ਕਾਰਪੋਰੇਟਾਂ ਦੀ ਗੁਲਾਮ ਬਣਾਉਣ ਲਈ ਸਰਕਾਰ ਖੇਤੀ ਕਾਨੂੰਨ ਲੈ ਕੇ ਆਈ। ਇਸ ਨੂੰ ਵਿਸ਼ਵਾਸ ਸੀ ਕਿ ਕੋਰੋਨਾ ਦਾ ਸਮਾਂ ਹੈ, ਲੋਕ ਡਰਾ ਦਿੱਤੇ ਗਏ ਨੇ। ਕਾਨੂੰਨਾਂ ਦੇ ਵਿਰੋਧ ਵਿੱਚ ਕੋਈ ਘਰੋਂ ਬਾਹਰ ਨਹੀਂ ਨਿਕਲੇਗਾ। ਹੋਇਆ ਇਸ ਦੇ ਉਲਟ। ਪੰਜਾਬ ਨੇ ਅੰਗੜਾਈ ਲਈ ਅਤੇ ਨਵੀਂ ਊਰਜਾ ਨਾਲ ਜਾਗਿਆ। ਸੜਕਾਂ ਰੋਕਦਾ, ਰੇਲਾਂ ਡੱਕਦਾ ਪੰਜਾਬ ਦਿੱਲੀ ਦੇ ਰਾਹ ਪੈ ਗਿਆ। ਇਸ ਅੰਦੋਲਨ ਦੀ ਖੂਬਸੂਰਤੀ ਇਸ ਲੜਾਈ ਵਿੱਚ ਨੌਜਵਾਨਾਂ ਅਤੇ ਔਰਤਾਂ ਦੀ ਭਰਪੂਰ ਸ਼ਮੂਲੀਅਤ ਹੈ। ਔਰਤਾਂ ਇਸ ਲੜਾਈ ਵਿੱਚ ਦਰਸ਼ਕ, ਸਰੋਤਿਆਂ ਵਜੋਂ ਨਹੀਂ ਸਗੋਂ ਮੁਕੰਮਲ ਅੰਦੋਲਨਕਾਰੀਆਂ ਵਜੋਂ ਹਾਜ਼ਰ ਨੇ। ਉਹ ਸਟੇਜ ਚਲਾਉਂਦੀਆਂ ਨੇ, ਰਣਨੀਤੀ ਬਣਾਉਂਦੀਆਂ ਨੇ, ਲਾਮਬੰਦੀ ਕਰਦੀਆਂ, ਅੰਦੋਲਨ ਦੀ ਗਾਥਾ ਸੁਣਾਉਂਦੀਆਂ। ਮਜਾਜ਼ ਲਖਨਵੀ ਦੇ ਉਸ ਸੁਫਨੇ ਵਿੱਚ ਕਲਪਨਾ ਕੀਤੀ ਔਰਤ ਇਸ ਅੰਦੋਲਨੇ ਵਿੱਚ ਸਾਕਾਰ ਹੋ ਰਹੀ ਹੈ :

*ਤੇਰੇ ਮਾਥੇ ਪੇ ਯੇ ਆਂਚਲ ਬਹੁਤ ਹੀ*
*ਖੂਬ ਹੈ ਲੇਕਿਨ*
*ਤੂ ਇਸ ਆਂਚਲ ਸੇ ਏਕ ਪਰਚਮ*
*ਬਨਾ ਲੇਤੀ ਤੋ ਅੱਛਾ ਥਾ*

ਦਿੱਲੀ ਦੀਆਂ ਸਰਹੱਦਾਂ ਉਤੇ ਮੋਰਚਾ ਜਾਰੀ ਹੈ। ਇਸ ਨੂੰ ਬੇਪਨਾਹ ਸਹਿਯੋਗ ਅਤੇ ਸਮਰਥਨ ਮਿਲਿਆ ਹੈ। ਇਸ ਕਿਸਮ ਦੇ ਅੰਦੋਲਨ ਰੋਜ਼ ਨਹੀਂ ਉਸਾਰੇ ਜਾ ਸਕਦੇ। ਸਮੁੱਚਾ ਦੇਸ਼ ਨਹੀਂ, ਸਾਰੇ ਸੰਸਾਰ ਦਾ ਲੋਕ ਇਸ ਅੰਦੋਲਨ ਵੱਲ ਦੇਖ ਰਿਹਾ ਹੈ। ਅੰਦੋਲਨ ਦੀ ਸਫਲਤਾ ਵਿੱਚੋਂ ਉਸ ਨੂੰ ਆਪਣੀ ਬੰਦ ਖਲਾਸੀ ਦੀ ਨਵੀਂ ਲੜਾਈ ਦੇ ਨਕਸ਼ ਜ਼ਰੂਰ ਰਹੇ ਹਨ।

ਇਹ ਉਹ ਲੜਾਈ ਹੈ, ਜਿਹੜੇ ਜੇ ਕਿਸਾਨ ਅੰਦੋਲਨ ਹਾਰਦਾ ਹੈ ਤਾਂ ਸੱਤਾ ਦੀ ਚੜ੍ਹ ਮੱਚੇਗੀ। ਆਪਣਾ ਵਿਸ਼ਵਸ ਗੁਆ ਚੁੱਕੀਆਂ ਰਾਜਸੀ ਧਿਰਾਂ ਲਗਾਤਾਰ ਭੰਬਲਬੂਸਾ ਪੈਦਾ ਕਰਨ ਦਾ ਯਤਨ ਕਰ ਰਹੀਆਂ ਨੇ। ਆਪਣੇ ਆਪ ਨੂੰ ਕਿਸਾਨਾਂ ਦਾ ਖੈਰ ਖਵਾਹ ਸਿੱਧ ਕਰਨ ਲਈ ਦਮਗਜੇ ਮਾਰੇ ਜਾ ਰਹੇ ਹਨ। ਰਾਜਸੀ ਪਾਰਟੀਆਂ ਲਈ ਮੁੱਖ ਸਵਾਲ ਸਿਰਫ ਮੁਨਾਫੇ ਵਿੱਚ ਹਿੱਸੇਦਾਰੀ ਦਾ ਹੈ। ਧਰਮ ਪੁੱਤਰਾਂ ਲਈ ਇਹ ਹੋਂਦ ਦੀ ਲੜਾਈ ਹੈ। ਇਸ ਫਰਕ ਨੂੰ ਸਮਝੇ ਬਗੈਰ ਆਮ ਲੋਕਾਂ ਨੂੰ ਸਮਝੇ ਬਿਨਾਂ ਪਾਰ ਉਤਾਰਾ ਨਹੀਂ ਹੋਣਾ। ਨਵਤੇਜ ਭਾਰਤੀ ਵਾਰ-ਵਾਰ ਚੇਤੇ ਆ ਰਿਹਾ ਹੈ :

*ਮੈਂ ਜਿੱਥੇ ਵੀ ਹਾਂ*
*ਦਿੱਲੀ ਦੀਆਂ ਬਰੂਹਾਂ 'ਤੇ ਹਾਂ*
*ਉਹੀ ਨਵਤੇਜ ਭਾਰਤੀ ਫਿਰ ਆਖਦਾ ਹੈ :*
*ਮੈਂ ਆਪਣੇ ਆਪ ਨੂੰ ਪੁੱਛਦਾ ਹਾਂ*
*ਜੇ ਦਿੱਲੀ ਵਿੱਚ ਨਹੀਂ*
*ਤਾਂ ਕਿੱਥੇ ਹਾਂ।*

## ਸੁਮੇਧ ਸੈਣੀ ਦੀ ਰਿਹਾਈ ਦੇ ਹੁਕਮਾਂ ਨੂੰ ਪੰਜਾਬ ਵਿਜੀਲੈਂਸ ਵੱਲੋਂ ਚੁਣੌਤੀ ਦਿੱਤੀ ਜਾਵੇਗੀ

ਮਾਮਲਾ ਆਮਦਨ ਤੋਂ ਵੱਧ ਜਾਇਦਾਦ ਦਾ

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਮੀਨ ਧੋਖਾਧੜੀ ਦੇ ਕੇਸ ਵਿੱਚ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਨੂੰ 19 ਅਗਸਤ ਨੂੰ ਹਾਈ ਕੋਰਟ ਤੋਂ ਮਿਲੇ ਰਿਹਾਈ ਹੁਕਮਾਂ ਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ 12 ਅਗਸਤ ਦੇ ਅੰਤ੍ਰਿਮ ਜ਼ਮਾਨਤ ਵਾਲੇ ਹੁਕਮਾਂ ਦੇ ਵਿਰੁੱਧ ਹਾਈ ਕੋਰਟ ਵਿੱਚ ਇੱਕ ਰੀਕਾਲ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਬਿਊਰੋ ਵੱਲੋਂ ਸੁਮੇਧ ਸਿੰਘ ਸੈਣੀ ਵਿਰੁੱਧ ਦਾਇਰ ਦੋ ਕੇਸਾਂ ਵਿੱਚ ਜਲਦੀ ਹੀ ਰੀਕਾਲ ਪਟੀਸ਼ਨ ਦਾਇਰ ਕੀਤੀ ਜਾਣ ਦੀ ਆਸ ਹੈ।

ਵਰਨਣ ਯੋਗ ਹੈ ਕਿ ਸੁਮੇਧ ਸਿੰਘ ਸੈਣੀ ਨੂੰ 18 ਅਗਸਤ ਨੂੰ ਜ਼ਮੀਨ ਧੋਖਾਧੜੀ ਦੇ ਕੇਸਨੰਬਰ 11 ਮੁਹਾਲੀ ਵਿੱਚ ਓਦੋਂ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਹ ਇੱਕ ਹੋਰ ਵਸੀਲਿਆਂ ਤੋਂ ਵੱਧ ਜਾਇਦਾਦ ਰੱਖਣ ਦੇ ਵਾਲੇ- ਕੇਸ ਨੰਬਰ 13 ਦੇ ਸਬੰਧ ਵਿੱਚ ਵਿਜੀਲੈਂਸ ਬਿਊਰੋ ਕੋਲ ਪੁੱਛਗਿੱਛ ਵਿੱਚ ਸ਼ਾਮਲ ਹੋਣ ਲਈ ਗਿਆ ਸੀ। ਸੈਣੀ ਨੇ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਸੱਤ ਦਿਨਾਂ ਦੇ ਅੰਦਰ ਕੇਸ ਨੰਬਰ-13 ਦੀ ਜਾਂਚ ਵਿੱਚ ਸ਼ਾਮਲ ਹੋਣਾ ਸੀ। ਇਸੇ ਲਈ ਉਹ ਵਿਜੀਲੈਂਸ ਦਫਤਰ ਗਿਆ ਸੀ ਅਤੇ ਇਸ ਤੋਂ ਪਹਿਲਾਂ ਉਸ ਨੂੰ ਅੰਤ੍ਰਿਮ ਜ਼ਮਾਨਤ ਦਾ ਹੁਕਮ ਦਿੰਦਿਆਂ ਹਾਈ ਕੋਰਟਨੇ 12 ਅਗਸਤ 2021 ਨੂੰ ਸਪੱਸ਼ਟ ਕਿਹਾ ਸੀਕਿ "ਕੇਸ ਦੇ ਦਸਤਾਵੇਜ਼ੀ ਸਬੂਤਾਂ ਜਾਂ ਬੈਂਕਿੰਗ ਟ੍ਰਾਂਜ਼ੈਕਸ਼ਨ ਦੇ ਬਾਰੇ



ਕਿਸੇ ਅਣਛੋਹੇ ਪੱਖ (ਜੇ ਕੋਈ ਹੋਵੇ) ਵਿੱਚ ਸ਼ਾਮਲ ਹੋਣ ਲਈ ਇਸ ਅਦਾਲਤ ਦਾ ਵਿਚਾਰ ਹੈ ਕਿ ਪਟੀਸ਼ਨਰ ਦੀ ਹਿਰਾਸਤੀ ਪੁੱਛਗਿੱਛ ਦੀ ਲੋੜ ਨਹੀਂ ਹੈ। ਪਟੀਸ਼ਨਰ ਨੂੰ ਕੱਲ੍ਹ ਤੋਂ ਇੱਕ ਹਫਤੇ ਦੇ ਅੰਦਰ ਉਸਜਾਂਚ ਵਿੱਚ ਸ਼ਾਮਲ ਹੋਣ ਉੱਤੇ ਅੰਤ੍ਰਿਮ ਜ਼ਮਾਨਤ ਦਿੱਤੀ ਜਾਂਦੀ ਹੈ।"

ਕੱਲ੍ਹ ਏਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਆਪਣੀ ਸੱਤ ਦਿਨਾਂ ਦੀ ਅਦਾਲਤ ਵੱਲੋਂ ਮਿਲੀ ਮਿਆਦ ਖਤਮ ਹੋਣ ਦੇ ਆਖਰੀ ਦਿਨ ਦੇਰ ਸ਼ਾਮ ਵਿਜੀਲੈਂਸ ਦਫਤਰ ਗਿਆ ਸੀ, ਜਿਸ ਤੋਂ ਇਹ ਸਾਫ ਹੈ ਕਿ ਉਹ ਹਾਈ ਕੋਰਟ ਦੇ ਹੁਕਮਾਂ ਦੀ ਇਨ ਬਿਨ ਪਾਲਣਾ ਕਰਨ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਮੇਧ ਸੈਣੀ ਸੈਕਟਰ 68 ਮੁਹਾਲੀ ਵਿੱਚ ਵਿਜੀਲੈਂਸ ਬਿਊਰੋ ਦੇ ਦਫਤਰ ਵਿੱਚ ਜਾਂਚ ਅਫਸਰ (ਆਈ ਓ) ਨੂੰ ਅਗਾਊਂ ਸੂਚਨਾ ਦਿੱਤੇ ਬਿਨਾਂ ਪਹੁੰਚਿਆ ਸੀ ਅਤੇ ਅਸਲ ਵਿੱਚ ਉਹ ਜਾਣਬੁੱਝ ਕੇ ਜਾਂਚ ਅਫਸਰ ਦੇ ਦਫਤਰ, ਵੀ ਬੀ, ਯੂਨਿਟ ਐਸ ਏ ਐਸ ਨਗਰ, ਕੁਆਰਟਰ ਨੰਬਰ 69, ਪੁਲਸ ਹਾਊਸਿੰਗ ਕੰਪਲੈਕਸ, ਸੈਕਟਰ 62 ਵਿੱਚ ਨਹੀਂ ਸੀ ਗਿਆ।

ਆਮਦਨ ਤੋਂ ਵਧੇਰੇ ਜਾਇਦਾਦ ਰੱਖਣ ਦਾ ਇਹ ਕੇਸ ਐਕਸੀਅਨ ਨਿਮਰਤਦੀਪ ਦੀਆਂ 35 ਜਾਇਦਾਦਾਂ ਅਤੇ ਕੁਝ ਬੈਂਕ ਖਾਤਿਆਂ ਨਾਲ ਸਬੰਧਤ ਹੈ, ਜਿਸ ਵਿੱਚ 100 ਕਰੋੜ ਰੁਪਏ ਦੇ ਬਕਾਏ ਤੇ ਟ੍ਰਾਂਜ਼ੈਕਸਨਾਂ ਹਨ। ਇਸ ਵਿੱਚ ਸੈਣੀ ਨਾਲ ਸਬੰਧਤ ਕਰੋੜਾਂ ਰੁਪਏ ਸ਼ਾਮਲ ਹਨ, ਜਿਸ ਤੋਂ ਜਾਪਦਾ ਹੈ ਕਿ ਉਨ੍ਹਾਂ ਕੋਲ ਆਮਦਨ ਤੋਂ ਕਿਤੇ ਵੱਧ ਜਾਇਦਾਦ ਹੈ। ਬੁਲਾਰੇ ਨੇ ਕਿਹਾ ਕਿ ਸਰਕਾਰ ਨਾਲ ਜ਼ਮੀਨ ਧੋਖਾਧੜੀ ਦੇ ਕੇਸ ਵਿੱਚ ਗ੍ਰਿਫਤਾਰ ਸੁਮੇਧ ਸੈਣੀ ਨੂੰ ਛੱਡਣ ਦੇ ਹਾਈ ਕੋਰਟ ਲਈ ਹਾਈ ਕੋਰਟ ਦੇ ਹੁਕਮਾਂ ਨੂੰ ਰੀਕਾਲ ਕਰਨ ਲਈ ਲੋੜੀਂਦਾ ਆਧਾਰ ਤਿਆਰ ਕੀਤਾ ਹੈ। ਸਭ ਤੋਂ ਪਹਿਲਾਂ ਸੁਮੇਧ ਸੈਣੀ ਨੂੰ ਕੇਸ ਨੰਬਰ-11 ਨਾਲ ਬਾਰੇ ਗ੍ਰਿਫਤਾਰ ਕੀਤਾ ਸੀ, ਜਿਸ ਵਿੱਚ ਉਸ ਨੂੰ ਗ੍ਰਿਫਤਾਰੀ ਤੋਂ ਕੋਈ ਛੋਟ ਨਹੀਂ ਸੀ। ਦੂਸਰਾ ਪੱਖ ਇਹ ਹੈ ਕਿ ਹਾਈ ਕੋਰਟ ਦੇ 11 ਅਕਤੂਬਰ 2018 ਅਤੇ 23 ਸਤੰਬਰ 2020 ਨੂੰ ਪਹਿਲਾਂ ਦਿੱਤੇ ਸੁਰੱਖਿਆ ਹੁਕਮ ਇਸ ਵਿਸ਼ੇਸ਼ ਮਾਮਲੇ ਉੱਤੇ ਲਾਗੂ ਨਹੀਂ ਹੁੰਦੇ, ਕਿਉਂਕਿ ਉਹ ਹੁਕਮ ਸੇਵਾਕਾਲ ਦੌਰਾਨ ਉਕਤ ਅਧਿਕਾਰੀ ਵੱਲੋਂ ਕੀਤੇ ਕਿਸੇ ਵੀ ਅਪਰਾਧ ਲਈ ਗ੍ਰਿਫਤਾਰ ਕਰਨ ਤੋਂ ਪਹਿਲਾਂ ਸੱਤ ਦਿਨਾਂ ਦੇ ਨੋਟਿਸ ਦੇਣ ਨਾਲ ਸੰਬੰਧਤ ਸਨ।

## ਕਾਬੁਲ ਵਿੱਚ ਫਸੇ ਸੈਂਕੜੇ ਸਿੱਖ ਤੇ ਹੋਰ ਗੁਰਦੁਆਰਾ 'ਕਰਤੇ-ਪਰਵਾਨ' ਵਿੱਚ ਆਣ ਬੈਠੇ



ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਕਾਬੁਲ ਦੇ ਗੁਰਦੁਆਰਾ ਸਾਹਿਬ ਕਰਤੇ ਪਰਵਾਨ (ਅਰਥ: ਜੋ ਕਰਤਾ ਪੁਰਖ ਨੂੰ ਮਨਜ਼ੂਰ ਹੋਏ, ਇਸ ਦਾ ਉਚਾਰਨ 'ਕਾਰਤੇ ਪਰਵਾਨ' ਵੀ ਕੀਤਾ ਜਾਂਦਾ ਹੈ) ਵਿੱਚ ਲਗਭਗ 270 ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਨੇ ਸ਼ਰਣ ਲਈ ਹੋਈ ਹੈ। ਵੱਖ-ਵੱਖ ਸਰੋਤ ਇਨ੍ਹਾਂ ਦੀ ਗਿਣਤੀ ਵੱਖ-ਵੱਖ ਦੱਸਦੇ ਹਨ। ਇਹ ਵੀ ਦੱਸਿਆ ਗਿਆ ਹੈ ਕਿ ਲਗਭਗ ਪੰਜਾਹ ਹਿੰਦੂ ਮਰਦ, ਔਰਤਾਂ ਅਤੇ ਬੱਚੇ ਵੀ ਇਸ ਗੁਰਦੁਆਰੇ ਵਿੱਚ ਹਨ।

ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਇਸ ਵੇਲੇ ਲਗਭਗ 15,000 ਅਫਗਾਨੀ ਸਿੱਖ ਰਹਿ ਰਹੇ ਹਨ। ਜਨਕਪੁਰੀ ਦੇ ਗੁਰਦੁਆਰਾ ਗੁਰੂ ਅਰਜਨ ਦੇਵ ਜੀ, ਜਿਸ ਨੂੰ ਕਾਬੁਲੀ ਗੁਰਦੁਆਰਾ ਵੀ ਕਿਹਾ ਜਾਂਦਾ ਹੈ, ਵਿੱਚ ਰੋਜ਼ ਸੰਗਤ ਜੁੜਦੀ ਅਤੇ ਅਫਗਾਨਿਸਤਾਨ ਵਿੱਚ ਫਸੇ ਸਿੱਖਾਂ ਨੂੰ ਉਥੋਂ ਕੱਢਣ ਦੀ ਮੰਗ ਕਰਦੀ ਹੈ। ਅਫਗਾਨੀ ਸਿੱਖਾਂ ਦੇ ਆਗੂ ਪ੍ਰਤਾਪ ਸਿੰਘ ਨੇ ਕੱਲ੍ਹ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਫਗਾਨਿਸਤਾਨ ਵਿੱਚ ਇਸ ਵੇਲੇ 300 ਤੋਂ ਉਪਰ ਸਿੱਖ ਬਾਹਰ ਆਉਣ ਦੀ ਉਡੀਕ ਕਰ ਰਹੇ ਹਨ। ਕੁਝ ਹੋਰ ਸਰੋਤਾਂ ਅਨੁਸਾਰ ਪੂਰੇ ਅਫਗਾਨਿਸਤਾਨ ਵਿੱਚ ਲਗਭਗ 650 ਸਿੱਖ ਹਨ। ਲਗਭਗ 50 ਸਾਲ ਪਹਿਲਾਂ 1970 ਵਿੱਚ ਅਫਗਾਨਿਸਤਾਨ ਵਿੱਚ ਸਿੱਖਾਂ ਦੀ ਗਿਣਤੀ ਦੋ ਲੱਖ ਤੋਂ ਵੱਧ ਸੀ। ਉਸ ਦੇਸ਼ ਵਿੱਚ 1979 ਤੋਂ ਬਾਅਦ ਮਰਦਮਸ਼ੁਮਾਰੀ ਨਹੀਂ ਹੋਈ ਅਤੇ ਕਈ ਸਰੋਤ ਇਹ ਗਿਣਤੀ ਚਾਰ ਤੋਂ ਪੰਜ ਲੱਖ ਤਕ ਦੱਸਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਫਗਾਨਿਸਤਾਨ ਦੀ ਦੀ ਯਾਦਗਾਰ ਵਜੋਂ ਓਥੇ ਵਿੱਚ ਕਈ ਗੁਰਦੁਆਰੇ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲਾਲਾਬਾਦ ਦਾ ਸ੍ਰੀ ਗੁਰੂ ਨਾਨਕ ਦਰਬਾਰ ਹੈ। ਸਿੱਖਾਂ ਦੀ ਵੱਡੀ ਗਿਣਤੀ ਕਾਬੁਲ, ਜਲਾਲਾਬਾਦ, ਗਜ਼ਨੀ, ਹੇਰਾਤ ਅਤੇ ਕੰਧਾਰ ਵਿੱਚ ਸੀ। ਅਫਗਾਨਿਸਤਾਨ ਵਿੱਚ ਪੰਜਾਹ ਤੋਂ ਵੱਧ ਗੁਰਦੁਆਰੇ ਸਨ। ਸਾਲ 1979 ਵਿੱਚ ਸੋਵੀਅਤ ਯੂਨੀਅਨ (ਰੂਸ) ਦੀਆਂ ਫੌਜਾਂ ਦੇ ਅਫਗਾਨਿਸਤਾਨ ਵਿੱਚ ਵੜਨ ਪਿੱਛੋਂ ਇਲਾਕਾਈ ਸਰਦਾਰਾਂ ਨੇ ਘੱਟਗਿਣਤੀ ਫਿਰਕਿਆਂ ਉੱਤੇ ਹਮਲੇ ਸ਼ੁਰੂ ਕੀਤੇ ਅਤੇ ਉਨ੍ਹਾਂ ਨੂੰ ਅਫਗਾਨਿਸਤਾਨ ਛੱਡਣਾ ਪਿਆ। 1989 ਦੀ ਜਲਾਲਾਬਾਦ ਦੀ ਜੰਗ ਵਿੱਚ ਬਹੁਤ ਸਾਰੇ ਗੁਰਦੁਆਰੇ ਤਬਾਹ ਕਰ ਦਿੱਤੇ ਗਏ। ਘੱਟ ਗਿਣਤੀਆਂ ਦੇ ਘਰ ਲੁੱਟੇ ਗਏ, ਕਤਲੇਆਮ ਹੋਇਆ ਅਤੇ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ। ਸਾਲ 1992 ਵਿੱਚ ਕਮਿਊਨਿਸਟ ਹਕੂਮਤ ਖਤਮ ਹੋਣ ਪਿੱਛੋਂ ਗ੍ਰਹਿ ਯੁੱਧ ਤੇਜ਼ ਹੋਇਆ ਅਤੇ ਸਿੱਖਾਂ ਅਤੇ ਹਿੰਦੂਆਂ ਉੱਤੇ ਹਮਲੇ ਹੋਰ ਵਧ ਗਏ। 1996 ਵਿੱਚ ਤਾਲਿਬਾਨ ਦੇ ਤਾਕਤ ਵਿੱਚ ਆਉਣ ਨਾਲ ਘੱਟਗਿਣਤੀ ਫਿਰਕਿਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਸਾਲ 2001 ਵਿੱਚ ਅਮਰੀਕਾ ਤੇ ਨਾਟੋ ਦੀਆਂ ਫੌਜਾਂ ਆਉਣ ਉੱਤੇ ਵੀ ਇਨ੍ਹਾਂ ਹਮਲਿਆਂ ਨੂੰ ਰੋਕਿਆ ਨਹੀਂ ਸੀ ਜਾ ਸਕਿਆ। ਸਾਲ 2014 ਵਿੱਚ ਪੱਛਮੀ ਅਫਗਾਨਿਸਤਾਨ ਵਿੱਚ ਸਿੱਖਾਂ ਉੱਤੇ ਹਮਲੇ ਹੋਏ ਅਤੇ ਬਹੁਤ ਸਾਰੇ ਸਿੱਖ ਪਰਵਾਰ ਅਮਰੀਕਾ, ਭਾਰਤ, ਜਰਮਨੀ ਅਤੇ ਇੰਗਲੈਂਡ ਨੂੰ ਚਲੇ ਗਏ। 2019-20 ਵਿੱਚ ਕੁਝ ਸੁਹਿਰਦ ਦਾਨੀ ਸਿੱਖਾਂ ਅਤੇ ਸੰਸਥਾਵਾਂ ਨੇ ਕਾਬੁਲ ਵਿੱਚ ਬਚੇ ਹੋਏ ਸਿੱਖ ਪਰਵਾਰਾਂ ਨੂੰ 'ਮਾਈ ਫੈਮਿਲੀ ਮਾਈ ਰਿਸਪਾਂਸੀਬਿਲਟੀ (ਮੇਰਾ ਪਰਵਾਰ, ਮੇਰੀ ਜ਼ਿੰਮੇਵਾਰੀ)' ਦੀ ਯੋਜਨਾ ਹੇਠ ਉਥੋਂ ਕੱਢਣ ਦਾ ਬੀੜਾ ਚੁੱਕਿਆ। ਇਸ ਦੇ ਲਈ ਰਿਹਾਇਸ਼ ਦਾ ਪ੍ਰਬੰਧ ਅਤੇ ਮਾਇਕ ਮਦਦ ਦੇਣ ਦਾ ਪ੍ਰੋਗਰਾਮ ਹੈ। 2020 ਦੇ ਸ਼ੁਰੂ ਵਿੱਚ ਕਾਬੁਲ ਦੇ ਗੁਰਦੁਆਰਾ ਸਾਹਿਬ ਉੱਤੇ ਹਮਲਾ ਹੋਣਨਾਲ ਇਸ ਪ੍ਰੋਗਰਾਮ ਵਿੱਚ ਤੇਜ਼ੀ ਆਈ ਅਤੇ 2020 ਦੇ ਅੰਤ ਤਕ ਕਰੀਬ 75 ਪਰਵਾਰ ਦਿੱਲੀ ਆਏ। ਸਿੱਖ ਭਾਈਚਾਰੇ ਲਈ ਵੱਡਾ ਸਵਾਲ 270 ਸਿੱਖਾਂ ਨੂੰ ਕਾਬੁਲ ਤੋਂ ਕੱਢਣ ਦਾ ਹੈ। ਭਾਰਤ ਵਿੱਚ ਪਨਾਹਗੀਰਾਂ, ਸ਼ਰਨਾਰਥੀਆਂ ਦੇ ਮੁੜ ਵਸੇਬੇ ਦੀ ਕੋਈ ਪੱਕੀ ਯੋਜਨਾ ਨਹੀਂ ਹੈ। ਸਰਕਾਰ ਦੀ ਵੱਧ ਤੋਂ ਵੱਧ ਜ਼ਿੰਮੇਵਾਰੀ ਉਨ੍ਹਾਂ ਨੂੰ ਅਫਗਾਨਿਸਤਾਨ ਤੋਂ ਦਿੱਲੀ ਜਾਂ ਕਿਸੇ ਹੋਰ ਸ਼ਹਿਰ ਤਕ ਲਿਆਉਣ ਦੀ ਹੋਵੇਗੀ, ਬਾਕੀ ਦਾ ਕੰਮ ਸਿੱਖ ਭਾਈਚਾਰੇ ਤੇ ਸੰਸਥਾਵਾਂ ਦਾ ਹੈ।

ਬਹੁਤ ਸਾਰੇ ਪਨਾਹਗੀਰਾਂ ਦਾ ਕਹਿਣਾ ਹੈ ਕਿ ਕੁਝ ਸੰਸਥਾਵਾਂ ਤੇ ਦਾਨੀ ਸਿੱਖ ਵਚਨਬੱਧਤਾ ਨਾਲ ਕੰਮ ਕਰਦੇ ਹਨ। ਇਸ ਵੇਲੇ ਅਫਗਾਨਿਸਤਾਨ ਤੋਂ ਆਏ ਕਈ ਪਰਵਾਰ ਅਸਥਾਈ ਰੂਪ ਵਿੱਚ ਦਿੱਲੀ ਦੇ ਗੁਰਦੁਆਰਿਆਂ ਵਿੱਚ ਰਹਿੰਦੇ ਹਨ। ਸ਼ਰਨਾਰਥੀਆਂ ਅਨੁਸਾਰ ਕੁਝ ਸੰਸਥਾਵਾਂ ਦਾ ਕੰਮ ਕੁਝ ਦਿਨਾਂ ਲਈ ਲੰਗਰ ਛਕਾਉਣ ਤਕ ਸੀਮਿਤ ਹੈ। ਕੁਝ ਸੰਸਥਾਵਾਂ ਬਾਰੇ ਲੋਕਾਂ ਦਾ ਤਜਰਬਾ ਮਾੜਾ ਹੈ, ਪਨਾਹਗੀਰਾਂ ਅਨੁਸਾਰ ਉਹ ਫੋਟੋ ਖਿਚਵਾਉਣ, ਬਾਹਰਲੇ ਦੇਸ਼ਾਂ ਤੋਂ ਫੰਡ ਇਕੱਠੇ ਕਰਨ ਅਤੇ ਮਸ਼ਹੂਰੀ ਖੱਟਣ ਲੱਗੀਆਂ ਹੋਈਆਂ ਹਨ। ਪਨਾਹਗੀਰਾਂ ਦਾ ਕਹਿਣਾ ਹੈ ਕਿ ਪਰਵਾਰਾਂ ਦੇ ਮਾਮਲੇ ਹਨ ਅਤੇ ਕੋਵਿਡ-19 ਦੇ ਸਮਿਆਂ ਵਿੱਚ ਨਾ ਕੋਈ ਰੁਜ਼ਗਾਰ ਮਿਲਦਾ ਹੈ ਅਤੇ ਨਾ ਉਹ ਕੋਈ ਧੰਦਾ ਕਰ ਸਕਦੇ ਹਨ, ਉਨ੍ਹਾਂ ਕੋਲ ਪੈਸੇ ਵੀ ਨਹੀਂ।

## ਸੀ ਟੀ ਇੰਸਟੀਚਿਊਟ ਤੋਂ ਪੈਸੇ ਚੋਰੀ ਕਰਨ ਵਾਲੇ ਦੋ ਜਣੇ ਕਾਬੂ

ਜਲੰਧਰ, 22 ਅਗਸਤ (ਪੋਸਟ ਬਿਊਰੋ)- ਮਕਸੂਦਾਂ ਨੇੜੇ ਸੀ ਟੀ ਕਾਲਜ ਵਿੱਚ ਦੋ ਦਿਨ ਪਹਿਲਾਂ 3.73 ਲੱਖ ਰੁਪਏ ਕੈਸ਼ ਚੋਰੀ ਕਰਨ ਦੇ ਕੇਸ ਨੂੰ ਪੁਲਸ ਨੇ ਸੁਲਝਾ ਲਿਆ ਹੈ। ਕਾਲਜ ਦੇ ਕਲਰਕ ਨੇ ਦੋਸਤ ਦੇ ਨਾਲ ਮਿਲ ਕੇ ਪੂਰੀ ਸਾਜ਼ਿਸ ਰਚੀ ਸੀ। ਪੁਲਸ ਨੇ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਚੋਰੀ ਦੀ ਰਕਮ ਬਰਾਮਦ ਕਰ ਲਈ ਹੈ।

ਪਤਾ ਲੱਗਾ ਹੈ ਕਿ ਕਲਰਕ ਨੂੰ ਪੈਸਿਆਂ ਦੀ ਲੋੜ ਕਾਰਨ ਉਸ ਨੇ ਦੋਸਤਾਂ ਦੇ ਨਾਲ ਮਿਲ ਕੇ ਰੇਕੀ ਕਰਵ ਕੇ ਇਹ ਵਾਰਦਾਤ ਕਰਵਾ ਦਿਤੀ। ਥਾਣਾ ਨੰਬਰ ਇੱਕ ਦੇ ਐਸ ਐਚ ਓ ਸੁਖਬੀਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਮੁਹੱਲਾ ਗੁਰੂ ਨਾਨਕ ਨਗਰ ਵੇਰਕਾ ਦਾ ਵਾਸੀ ਅਮਰਬੀਰ



ਸਿੰਘ ਕਲਰਕ ਦੀ ਨੌਕਰੀ ਕਰਦਾ ਹੈ। ਉਸ ਨੂੰ ਪਤਾ ਸੀ ਕਿ ਕਾਲਜ ਦਾ ਕੈਸ਼ੀਅਰ ਰਾਹੁਲ ਕੱਕੜ ਰੋਜ਼ ਦੋ ਵਜੇ ਦੇ ਬਾਅਦ ਰੋਟੀ ਖਾਣ ਲਈ ਬਾਹਰ ਜਾਂਦਾ ਹੈ। ਇਸ ਵਕਤ ਕੈਸ਼ੀਅਰ ਦੇ ਦਫਤਰ ਵਿੱਚ ਕੋਈ ਨਹੀਂ ਹੁੰਦਾ ਅਤੇ ਦਫਤਰ ਵਿੱਚ ਫੀਸ ਅਤੇ ਐਡਮਿਸ਼ਨ ਦੇ ਪੈਸੇ ਹੁੰਦੇ ਹਨ। ਅਮਰਬੀਰ ਨੇ ਅੰਮ੍ਰਿਤਸਰ ਦੇ ਹੀ ਰਹਿਣ ਵਾਲੇ ਦੋਸਤ ਤੇ ਗਵਾਂਢੀ ਰਾਕੇਸ਼ ਕੁਮਾਰ ਨਾਲ ਸਾਜ਼ਿਸ ਰਚੀ। ਰਾਕੇਸ਼ ਤੇ ਉਹ ਦੋਵੇਂ ਇਕੱਠੇ ਪੜ੍ਹੇ ਸਨ। ਵਾਰਦਾਤ ਲਈ ਉਸ ਨੇ ਰਾਕੇਸ਼ ਕੁਮਾਰ ਨੂੰ ਅੰਮ੍ਰਿਤਸਰ ਤੋਂ ਬੁਲਾ ਕੇ ਪੂਰੀ ਰੇਕੀ ਕਰਵਾਈ। ਘਟਨਾ ਵਾਲੇ ਦਿਨ ਯਾਨੀ 19 ਅਗਸਤ ਨੂੰ ਜਦ ਰਾਹੁਲ ਲੰਚ ਕਰਨ ਗਿਆ ਤਾਂ ਅਮਰਬੀਰ ਨੇ ਰਾਕੇਸ਼ ਨੂੰ ਇਸ਼ਾਰਾ ਕਰ ਦਿੱਤਾ, ਜਿਸ ਪਿੱਛੋਂ ਰਕੇਸ਼ ਕੈਸ਼ੀਅਰ ਰੂਮ ਵਿੱਚ ਗਿਆ ਅਤੇ ਕੈਸ਼ ਦਾ ਬੈਗ ਲੈ ਕੇ ਫਰਾਰ ਹੋ ਗਿਆ। ਇਸ ਪਿੱਛੋਂ ਰਾਕੇਸ਼ ਸਿੱਧਾ ਅੰਮ੍ਰਿਤਸਰ ਚਲਾ ਗਿਆ। ਪੁਲਸ ਨੇ ਜਾਂਚ ਦੌਰਾਨ ਕਲਰਕ ਅਮਰਬੀਰ ਨੂੰ ਕਾਲਜ ਤੋਂ ਹੀ ਗ੍ਰਿਫਤਾਰ ਕੀਤਾ। ਤਲਾਸ਼ੀ ਲੈਣ ਉੱਤੇ ਉਸ ਕੋਲੋਂ ਸੱਠ ਹਜ਼ਾਰ ਰੁਪਏ ਮਿਲ ਗਏ। ਰਾਕੇਸ਼ ਨੂੰ ਉਸ ਦੇ ਘਰੋਂ 3.13 ਲੱਖ ਰੁਪਏ ਕੈਸ਼ ਸਮੇਤ ਗ੍ਰਿਫਤਾਰ ਕਰ ਲਿਆ ਗਿਆ।

## ਫੇਸਬੁੱਕ ਦੇ ਕਵਰ ਪੇਜ ਉੱਤੇ ਮਾਲੀ ਨੇ 'ਜਨਤਕ ਪੈਗਾਮ' ਦੇ ਮੁੱਖ ਪੇਜ ਦੀ ਫੋਟੋ ਲਾ ਕੇ ਵਿਵਾਦ ਛੇੜਿਆ

* ਗਾਂਧੀ ਪਰਿਵਾਰ ਦੇ ਕਰੀਬੀ ਕਾਂਗਰਸੀ ਆਗੂ ਨਾਰਾਜ਼

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਨਵੇਂ ਬਣੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਦੇ ਕਸ਼ਮੀਰਸਮੱਸਿਆ ਬਾਰੇ ਬਿਆਨ ਦਾ ਵਿਵਾਦ ਹਾਲੇ ਠੰਢਾ ਨਹੀਂ ਹੋਇਆ ਸੀ ਕਿ ਉਨ੍ਹਾਂ ਦੇ ਫੇਸਬੁਕ ਪੇਜ ਉੱਤੇ ਲੱਗੀ ਇੱਕ ਫੋਟੋਦੇ ਕਾਰਨ ਕਾਂਗਰਸੀ ਆਗੂ ਨਾਰਾਜ਼ ਹੋ ਗਏ ਹਨ।

ਮਾਲਵਿੰਦਰ ਸਿੰਘ ਮਾਲੀ ਨੇ ਆਪਣੇ ਫੇਸਬੁੱਕ ਦੇ ਕਵਰ ਪੇਜ ਉੱਤੇ 1990 ਦੇ ਨੇੜੇ-ਤੇੜੇਛਪਦੀ ਰਹੀ ਮੈਗਜ਼ੀਨ 'ਜਨਤਕ ਪੈਗਾਮ' ਦੇ ਮੁੱਖ ਸਫੇ ਦੀ ਫੋਟੋ ਲਾਈ ਹੈ। ਇਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰ-ਦਰਾ ਗਾਂਧੀ ਨੂੰ ਹੱਥ ਵਿੱਚ ਬੰਦੂਕ ਫੜੀ



ਦਿਖਾਇਆ ਹੈ, ਜਿਸ ਦੇ ਇੱਕ ਸਿਰੇ ਉੱਤੇ ਖੋਪੜੀ ਲਟਕ ਰਹੀ ਹੈ ਅਤੇ ਇੰ-ਦਰਾ ਗਾਂਧੀ ਦੇ ਪਿੱਛੇ ਵੀ ਖੋਪੜੀਆਂ ਦਾ ਢੇਰ ਲੱਗਾ ਹੋਇਆ ਹੈ। ਇਸ ਪੇਜ਼ ਉੱਤੇ ਪੰਜਾਬੀ ਵਿੱਚ ਲਿਖਿਆ ਹੈ, 'ਹਰ ਜਾਬਰ ਦੀ ਇਹੀ ਕਹਾਣੀ, ਕਰਨਾ ਜਬਰ ਤੇ ਮੂੰਹ ਦੀ ਖਾਣੀ'। ਇਹ ਫੋਟੋ 1984 ਵਿੱਚ ਹੋਏ ਕਤਲੇਆਮ ਨੂੰ ਪੇਸ਼ ਕਰਦੀ ਹੈ ਅਤੇ ਇਸ ਮੁੱਦੇ ਉੱਤੇ ਕਾਂਗਰਸ ਨੂੰ ਹਮੇਸ਼ਾ ਘੇਰਿਆ ਜਾਂਦਾ ਰਿਹਾ ਹੈ। ਕੁਝ ਸੀਨੀਅਰ ਆਗੂਆਂ ਨੇ ਇਸ ਉੱਤੇ ਸਖਤ ਇਤਰਾਜ਼ ਕੀਤਾ ਅਤੇ ਉਨ੍ਹਾਂ ਨੇ ਨਵਜੋਤ ਸਿੱਧੂ ਨੂੰ ਕਿਹਾ ਹੈ ਕਿ ਉਹ ਮਾਲੀ ਨੂੰ ਇਹ ਪੋਸਟ ਹਟਾਉਣ ਅਤੇ ਵਿਵਾਦਤ ਬਿਆਨਬਾਜ਼ੀ ਨਾ ਕਰਨ ਲਈ ਕਹਿਣ, ਪਰ ਸਿੱਧੂ ਨੇ ਹਾਲੇ ਇਸ ਉੱਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ।

ਵਰਨਣ ਯੋਗ ਹੈ ਕਿ ਕਾਂਗਰਸ ਵਿੱਚ ਗਾਂਧੀ ਪਰਵਾਰ ਦੇ ਨਜ਼ਦੀਕੀ ਆਗੂਆਂ ਨੂੰ ਇਹ ਬਿਲਕੁੱਲ ਬਰਦਾਸ਼ਤ ਨਹੀਂ ਹੋ ਰਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਦਾ ਸਲਾਹਕਾਰ ਏਦਾਂ ਦੀਆਂ ਫੋਟੋ ਆਪਣੇ ਫੇਸਬੁਕ ਪੇਜ ਉੱਤੇ ਲਾਏ। ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿ ਨਵਜੋਤ ਸਿੰਘ ਸਿੱਧੂ ਖੁਦ ਨੂੰ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਦੇ ਕਰੀਬੀ ਕਹਿੰਦੇ ਹਨ। ਇਸ ਲਈ ਉਨ੍ਹਾਂ ਦੇ ਸਲਾਹਕਾਰ ਵੱਲੋਂ ਰਾਹੁਲ ਤੇ ਪ੍ਰਿਅੰਕਾ ਦੀ ਦਾਦੀ ਦੇ ਖਿਲਾਫ ਏਦਾਂ ਦੀ ਫੋਟੋ ਫੇਸਬੁੱਕ ਦੇ ਕਵਰ ਪੇਜ ਉੱਤੇ ਲਾਉਣਾ ਕਾਂਗਰਸੀਆਂ ਨੂੰ ਰਾਸ ਨਹੀਂ ਆ ਰਿਹਾ। ਇਸ ਤੋਂ ਪਹਿਲਾਂ ਮਾਲਵਿੰਦਰ ਸਿੰਘ ਮਾਲੀ ਕਸ਼ਮੀਰ ਮੁੱਦੇ ਉੱਤੇ ਟਿੱਪਣੀ ਕਰ ਕੇ ਵਿਵਾਦ ਵਿੱਚ ਘਿਰ ਗਏ ਸਨ। ਉਨ੍ਹਾਂ ਕਿਹਾ ਸੀ ਕਿ ਕਸ਼ਮੀਰ ਕਸ਼ਮੀਰੀਆਂ ਦਾ ਹੈ ਤੇ ਇਸ ਉੱਤੇ ਭਾਰਤ ਤੇ ਪਾਕਿ-ਸਤਾਨ ਨੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਦੀ ਇਸ ਟਿੱਪਣੀ ਉੱਤੇ ਫੇਸਬੁੱਕ ਉੱਤੇ ਕਈ ਲੋਕਾਂ ਨੇ ਉਨ੍ਹਾਂ ਦਾ ਪੱਖ ਲਿਆ ਤੇ ਕੁਝ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਨਵਾਂ ਮੋਰਚਾ ਨਾ ਖੋਲ੍ਹਣ। ਕੁਝ ਨੇ ਲਿਖਿਆ ਕਿ ਨਵਜੋਤ ਸਿੱਧੂ ਤੁਹਾਡੇ ਨਾਲ ਅਜਿਹੇ ਮੁੱਦਿਆਂ ਉੱਤੇ ਖੜ੍ਹੇ ਨਹੀਂ ਹੋਣਗੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਦੇ ਕਸ਼ਮੀਰ ਬਾਰੇ ਬਿਆਨ ਨੂੰ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਉਨ੍ਹਾਂ ਦਾ ਨਿੱਜੀ ਬਿਆਨ ਕਿਹਾ, ਪਰ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਕਸ਼ਮੀਰ ਇਸ ਦੇਸ਼ ਦਾ ਹਿੱਸਾ ਹੈ, ਅਸੀਂ ਮਾਲੀ ਦੇ ਬਿਆਨ ਨਾਲ ਸਹਿਮਤ ਨਹੀਂ ਹਾਂ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556
6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

## ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਲਾਏ ਦੋਸ਼ ਨੂੰ ਭਾਜਪਾ ਨੇ ਬੇਬੁਨਿਆਦ ਦੱਸਿਆ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਸ਼ਾਨੇ ਉੱਤੇ ਦਿੱਲੀ ਦੇ 15 ਲੋਕ ਹਨ। ਇਨ੍ਹਾਂ ਦੇ ਖਿਲਾਫ ਈ ਡੀ, ਸੀ ਬੀ ਆਈ ਅਤੇ ਦਿੱਲੀ ਪੁਲਸ ਨੂੰ ਛਾਪਾ ਮਰਨ ਅਤੇ ਫਰਜ਼ੀ ਕੇਸ ਬਣਾਉਣ ਦਾ ਹੁਕਮ ਦਿੱਤਾ ਗਿਆ ਹੈ। ਲਿਸਟ ਵਿੱਚ ਕੁਝ ਨਾਂਅ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਹਨ ਅਤੇ ਇਹ ਜਾਣਕਾਰੀ ਬਹੁਤ ਹੀ ਭਰੋਸੇਯੋਗ ਸੂਤਰਾਂ ਤੋਂ ਮਿਲੀ ਹੈ।

ਇਸ ਬਾਰੇ ਮੁਨੀਸ਼ ਸਿਸੋਦੀਆ ਨੇ ਕਿਹਾ, ''ਦਿੱਲੀ ਪੁਲਸ ਕਮਿਸ਼ਨਰ ਰਾਕੇਸ਼ ਅਸਥਾਨਾ ਨੂੰ ਇਹ ਕਿਹਾ ਗਿਆ ਹੈ ਕਿ ਇਨ੍ਹਾਂ 15 ਲੋਕਾਂ ਦੇ ਖਿਲਾਫ ਛਾਪਾ ਮਾਰ ਕਾਰਵਾਈ ਹੋਵੇ ਅਤੇ ਕੇਸ ਦਰਜ ਹੋਣ। ਮੇਰੇ ਘਰ ਦੋ ਵਾਰ ਸੀ ਬੀ ਆਈ ਦੀ ਕਾਰਵਾਈ ਹੋ ਚੁੱਕੀ ਹੈ, ਪਰ ਕੀ ਨਤੀਜਾ ਨਿਕਲਿਆ? ਸੀ ਬੀ ਆਈ ਨੇ ਦਿੱਲੀ ਸਰਕਾਰ ਦੇ ਮੰਤਰੀ ਸਤੇਂਦਰ ਜੈਨ ਦੇ ਖਿਲਾਫ 12 ਕੇਸ ਦਰਜ ਕੀਤੇ ਹਨ। ਉਸ ਵਿੱਚ ਕੀ ਨਵਾਂ ਨਿਕਲਿਆ ਹੈ? ਸਾਡੇ 21 ਵਿਧਾਇਕਾਂ ਦੇ ਖਿਲਾਫ ਫਰਜ਼ੀ ਕੇਸ ਦਰਜ ਹਨ। ਉਨ੍ਹਾਂ ਨੂੰ ਜੇਲ੍ਹ ਵਿੱਚ ਰੱਖਿਆ ਗਿਆ ਹੈ।'' ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਦਿੱਲੀ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਕਿਹਾ ਕਿ ਦੋਸ਼ ਪੂਰੀ ਤਰ੍ਹਾਂ ਗਲਤ ਅਤੇ ਬੇਬੁਨਿਆਦ ਹਨ, ਅਗਲੇ ਦਿਨਾਂ ਵਿੱਚ ਕੁਝ ਸੂਬਿਆਂ ਦੀਆਂ ਚੋਣਾਂ ਵਿੱਚ ਪ੍ਰਾਸੰਗਿਕ ਬਣੇ ਰਹਿਣ ਦੇ ਲਈ ਆਮ ਆਦਮੀ ਪਾਰਟੀ ਇਹ ਦੋਸ਼ ਲਗਾ ਰਹੀ ਹੈ।

## ਅਫਗਾਨਿਸਤਾਨ ਦਾ ਸੰਭਾਵੀ ਰਾਸ਼ਟਰਪਤੀ ਵੀ ਲਾਦੇਨ ਦਾ ਰਿਸ਼ਤੇਦਾਰ ਨਿਕਲਿਐ

### * ਪੰਜਾਬ ਨੂੰ ਭਾਰਤ ਤੋਂ ਤੋੜਨ ਦੀ ਧਮਕੀ ਦੇ ਚੁੱਕੈ ਬਿਰਾਦਰ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਅਤੇ ਮੁੱਲਾ ਅਬਦੁੱਲ ਗਨੀ ਬਰਾਦਰ ਕੰਧਾਰ ਤੋਂ ਕਾਬੁਲ ਪਹੁੰਚ ਕੇ ਆਪਣੇ ਸਾਥੀ ਨੇਤਾਵਾਂ ਨਾਲ ਸਰਕਾਰ ਬਣਾਉਣ ਦੀ ਕੋਸ਼ਿਸ਼ ਵਿੱਚ ਰੁਝਾ ਹੋਇਆ ਹੈ। ਉਹ ਇਸ ਸਮੇਂ ਵਿੱਚ ਦੋਹਾ ਸਥਿਤ ਤਾਲਿਬਾਨ ਦੇ ਸਿਆਸੀ ਦਫਤਰ ਦਾ ਪ੍ਰਮੁੱਖ ਹੈ ਅਤੇ ਮੁੱਲਾ ਅਬਦੁਲ ਗਨੀ ਬਰਾਦਰ ਅਫਗਾਨਿਸਤਾਨ ਦਾ ਅਗਲਾ ਰਾਸ਼ਟਰਪਤੀ ਬਣ ਸਕਦਾ ਹੈ।



ਇਸ ਵਕਤ ਭਾਰਤ ਸਰਕਾਰ ਕੋਈ ਰਿਸਕ ਨਹੀਂ ਲੈਣਾ ਚਾਹੁੰਦੀ ਅਤੇ ਉਹ ਵੀ ਉਦੋਂ ਜਦੋਂ ਮੁੱਲਾ ਅਬਦੁੱਲ ਗਨੀ ਬਰਾਦਰ ਬੀਤੇ ਸਮੇਂ ਵਿੱਚ ਪੰਜਾਬ ਨੂੰ ਭਾਰਤ ਨਾਲੋਂ ਵੱਖ ਕਰਨ ਅਤੇ ਦਿੱਲੀ ਨੂੰ ਪੈਦਲ ਜਿੱਤਣ ਦੀਆਂ ਧਮਕੀਆਂ ਦੇ ਚੁੱਕਾ ਹੋਵੇ। ਬਰਾਦਰ ਅਸਲ ਵਿੱਚ ਓਸਾਮਾ ਬਿਨ ਲਾਦੇਨ ਦਾ ਰਿਸ਼ਤੇਦਾਰ ਹੈ ਅਤੇ ਜਦੋਂ ਲਾਦੇਨ ਜ਼ਿੰਦਾ ਸੀ ਤਾਂ ਬਰਾਦਰ ਏਦਾਂ ਦੀਆਂ ਧਮਕੀਆਂ ਆਮ ਕਰ ਕੇ ਦਿੰਦਾ ਰਹਿੰਦਾ ਸੀ। ਇਸ ਵਕਤ ਵਿੱਚ ਬਰਾਦਰ ਦਾ ਕੱਦ ਤਾਲਿਬਾਨ ਦੇ ਪ੍ਰਮੁੱਖ ਹੈਬਤੁੱਲ੍ਹਾ ਅਖੁੰਦਜ਼ਾਦਾ ਤੋਂ ਹੇਠਾਂ ਹੈ, ਫਿਰ ਵੀ ਉਸ ਨੂੰ ਤਾਲਿਬਾਨ ਦਾ ਹੀਰੋ ਮੰਨਿਆ ਜਾ ਰਿਹਾ ਹੈ। ਅਖੁੰਦਜ਼ਾਦਾ ਪਰਦੇ ਦੇ ਪਿੱਛੇ ਲੁਕ ਕੇ ਆਪਣੇ ਅੱਤਵਾਦੀ ਸੰਗਠਨ ਚਲਾ ਰਿਹਾ ਹੈ।

ਸਾਲ 1968 ਵਿੱਚ ਉਰੁਜਗਾਨ ਸੂਬੇ ਵਿੱਚ ਜਨਮਿਆ ਬਰਾਦਰ 1980 ਦੇ ਦਹਾਕੇ ਵਿੱਚ ਸੋਵੀਅਤ ਰੂਸਵਿਰੁੱਧ ਅਫਗਾਨ ਮੁਜਾਹਦੀਨ ਵਜੋਂ ਲੜਾਈ ਲੜ ਚੁੱਕਾ ਹੈ। ਸਾਲ 1992 ਵਿੱਚ ਰੂਸੀਆਂ ਨੂੰ ਪਛਾੜਨ ਤੋਂ ਬਾਅਦ ਅਫਗਾਨਿਸਤਾਨ ਇੱਕ ਤਰ੍ਹਾਂ ਆਪਸੀ ਮੁਕਾਬਲੇਬਾਜ਼ ਸਰਦਾਰਾਂ ਦੇ ਗ੍ਰਹਿ ਯੁੱਧ ਵਿੱਚ ਫਸ ਗਿਆ ਸੀ, ਜਿਸਦੇ ਬਾਅਦ ਬਰਾਦਰ ਨੇ ਆਪਣੇ ਸਾਬਕਾ ਕਮਾਂਡਰ ਅਤੇ ਜੀਜੇ ਮੁੱਲਾ ਉਮਰ ਨਾਲ ਕੰਧਾਰ ਵਿੱਚ ਇੱਕ ਮਦਰੱਸਾ ਕਾਇਮ ਕੀਤਾ ਸੀ। ਇਸ ਦੇ ਬਾਅਦ ਉਸ ਨੇ ਮੁੱਲਾ ਉਮਰ ਨਾਲ ਮਿਲ ਕੇ ਤਾਲਿਬਾਨ ਦੀ ਸਥਾਪਨਾ ਕੀਤੀ ਸੀ।ਤਾਲਿਬਾਨ ਸ਼ੁਰੂ ਵਿੱਚ ਧਾਰਮਿਕ ਸ਼ੁੱਧੀਕਰਨ ਤੇ ਇੱਕ ਇਸਲਾਮਕ ਅਮੀਰਾਤ ਬਣਾਉਣ ਵਾਲੇ ਯੁਵਾ ਇਸਲਾਮੀ ਵਿਦਵਾਨਾਂ ਦੀ ਅਗਵਾਈ ਕਰਨ ਵਾਲਾ ਅੰਦੋਲਨ ਸੀ, ਬਾਅਦ ਵਿੱਚ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਦੀ ਸ਼ਹਿ ਉੱਤੇ ਇਹ ਹਿੰਸਕ ਅੰਦੋਲਨ ਬਣ ਗਿਆ ਸੀ ਤੇ ਸਾਲ 1996 ਤਕ ਤਾਲਿਬਾਨ ਨੇ ਪੂਰੇ ਅਫਗਾਨਿਸਤਾਨ ਉੱਤੇ ਕਬਜ਼ਾ ਕਰ ਕੇ ਇਸਲਾਮਿਕ ਅਮੀਰਾਤ ਕਾਇਮ ਕਰ ਦਿੱਤੀ ਸੀ। ਉਦੋਂ ਬਰਾਦਰ ਇਸ ਜਿੱਤ ਦਾ ਹੀਰੋ ਬਣ ਗਿਆ ਅਤੇ ਤਾਲਿਬਾਨ ਦੇ ਰਣਨੀਤਕ ਆਗੂ ਵਜੋਂ ਉਭਰਿਆ ਸੀ।

## ਕੋਰੋਨਾ ਦੇ ਦੌਰ ਦੌਰਾਨ ਨੌਕਰੀ ਗੁਆਉਣ ਵਾਲਿਆਂ ਦਾ ਪੀ ਐਫ 2022 ਤਕ ਭਾਰਤ ਸਰਕਾਰ ਭਰੇਗੀ: ਕੇਂਦਰੀ ਵਿੱਤ ਮੰਤਰੀ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਕਾਰਨ ਨੌਕਰੀ ਗੁਆਉਣ ਵਾਲੇ ਲੋਕਾਂ ਲਈ ਇਹ ਚੰਗੀ ਖਬਰ ਹੈ ਕਿ ਇਸ ਦੌਰ ਵਿੱਚ ਜਿਨ੍ਹਾਂ ਦੀ ਨੌਕਰੀ ਚਲੀ ਗਈ, ਉਨ੍ਹਾਂ ਦੇ ਪ੍ਰਾਵੀਡੈਂਟ ਫੰਡ (ਪੀ ਐਫ) ਦਾ ਭੁਗਤਾਨ 2022 ਤਕ ਕੇਂਦਰ ਸਰਕਾਰ ਕਰੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੱਲ੍ਹ ਇਹ ਐਲਾਨ ਕੀਤਾ ਹੈ।



ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇਸ ਸਹੂਲਤ ਦਾ ਲਾਭ ਉਨ੍ਹਾਂ ਯੂਨਿਟਾਂ ਨੂੰ ਮਿਲੇਗਾ, ਜਿਨ੍ਹਾਂ ਦੀ ਈ ਪੀ ਐਫ ਓ ਵਿੱਚ ਰਜਿਸਟਰੇਸ਼ਨ ਹੋਵੇਗੀ। ਉਨ੍ਹਾਂ ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਖੇ ਇੱਕ ਪ੍ਰੋਗਰਾਮ ਦੌਰਾਨ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਲੋਕਾਂ ਲਈ 2022 ਤਕ ਮਾਲਕਾਂ ਦੇ ਨਾਲ ਮੁਲਾਜ਼ਮਾਂ ਦੇ ਪੀ ਐਫ ਹਿੱਸੇ ਦਾ ਪੈਸੇ ਦਾ ਭੁਗਤਾਨ ਵੀਕਰੇਗੀ ਜਿਨ੍ਹਾਂ ਨੇ ਆਪਣੀ ਨੌਕਰੀ ਗੁਆ ਲਈ, ਪਰ ਉਨ੍ਹਾਂ ਨੂੰ ਰਸਮੀ ਖੇਤਰ ਵਿੱਚ ਛੋਟੇ ਪੈਮਾਨੇ ਦੀਆਂ ਨੌਕਰੀਆਂ ਵਿੱਚ ਕੰਮ ਲਈ ਮੁੜ ਕੇ ਬੁਲਾਇਆ ਗਿਆ ਹੈ। ਇਨ੍ਹਾਂ ਯੂਨਿਟਾਂ ਦੀ ਈ ਪੀ ਐਫ ਓ ਵਿੱਚ ਰਜਿਸਟਰੇਸ਼ਨ ਹੋਣ ਉੱਤੇ ਹੀ ਮੁਲਾਜ਼ਮਾਂ ਨੂੰ ਇਹ ਸਹੂਲਤ ਦਿੱਤੀ ਜਾਵੇਗੀ।ਸੀਤਾਰਮਨ ਨੇ ਕਿਹਾ ਕਿ ਜੇ ਕਿਸੇ ਜ਼ਿਲ੍ਹੇ ਵਿੱਚ ਰਸਮੀ ਖੇਤਰ ਵਿੱਚ ਕੰਮ ਕਰਦੇ 25 ਹਜ਼ਾਰ ਤੋਂ ਵੱਧ ਪ੍ਰਵਾਸੀ ਮਜ਼ਦੂਰ ਆਪਣੇ ਮੂਲ ਸ਼ਹਿਰ ਪਰਤ ਆਏ ਸਨ ਤਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਦੀਆਂ 16 ਯੋਜਨਾਵਾਂ ਵਿੱਚ ਰੋਜ਼ਗਾਰ ਦਿੱਤਾ ਜਾਏਗਾ। ਕੋਰੋਨਾ ਕਾਰਨ 2020 ਵਿੱਚ ਮਨਰੇਗਾ ਦਾ ਬਜਟ 60 ਹਜ਼ਾਰ ਕਰੋੜ ਰੁਪਏ ਤੋਂ ਵੱਧ ਕੇ ਇੱਕ ਲੱਖ ਕਰੋੜ ਰੁਪਏ ਕਰ ਦਿੱਤਾ ਸੀ।ਦੇਸ਼ ਦੀ ਆਰਥਿਕ ਹਾਲਤ ਦੀ ਰੀੜ੍ਹ ਦੀ ਹੱਡੀ ਭਾਵ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਦਹਾਕਿਆਂ ਤਕ ਜੋ ਥਾਂ ਨਹੀਂ ਮਿਲੀ, ਇਸ ਸਰਕਾਰ ਨੇ ਦੁਆਈ ਹੈ।

## ਸਾਬਕਾ ਮੁੱਖ ਮੰਤਰੀ ਹੁੱਡਾ ਸਮੇਤ ਤਿੰਨ ਜਣਿਆਂ ਵਿਰੁੱਧ ਕੇਸ ਦਰਜ ਕਰਨ ਦੀ ਸਿਫਾਰਸ਼

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਕਾਂਗਰਸ ਦੇ ਵਿਧਾਇਕਾਂ ਦੇ ਪੈਦਲ ਰੋਸ ਮਾਰਚ ਵਿੱਚ ਇੱਕ ਛੋਟੇ ਬੱਚੇ ਨੂੰ ਰਿਕਸ਼ੇ ਉੱਤੇ ਬਿਠਾ ਕੇ ਚੱਲਣ ਦੇ ਦੋਸ਼ ਵਿੱਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਨਾਲ ਚੱਲਦੇ ਰਹੇ ਵਿਧਾਇਕਾਂ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ।

ਹਰਿਆਣਾ ਰਾਜ ਬਾਲ ਸੁਰੱਖਿਆ ਕਮਿਸ਼ਨ ਨੇ ਪ੍ਰਦਰਸ਼ਨ ਵਿੱਚ ਕਿਸੇ ਬੱਚੇ ਨੂੰ ਇਹੋ ਜਿਹੇ ਪ੍ਰਦਰਸ਼ਨ ਵਿੱਚ ਸ਼ਾਮਲ ਕਰਨ ਉੱਤੇ ਚਿੰਤਾ ਜ਼ਾਹਿਰ ਕੀਤੀ ਅਤੇ ਦੋਸ਼ੀ ਵਿਧਾਇਕਾਂ ਦੇ ਖਿਲਾਫ ਕੇਸ ਦਰਜ ਕਰਾਉਣ ਲਈ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਇੱਕ ਪੱਤਰ ਭੇਜਿਆ। ਕਮਿਸ਼ਨ ਦੀ ਸ਼ਿਕਾਇਤ ਉੱਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਦੋ ਵਿਧਾਇਕਾਂ ਵਤਸ ਅਤੇ ਸ਼ਕੁੰਤਲਾ ਖਟਕ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾ ਸਕਦਾ ਹੈ।ਦੂਸਰੇ ਪਾਸੇ ਵਿਧਾਇਕ ਸ਼ਕੁੰਤਲਾ ਖਟਕ ਨੇ ਕਿਹਾ ਕਿ ਜਿਸ ਬੱਚੇ ਦੀ ਚਿੰਤਾ ਰਾਜ ਬਾਲ ਕਲਿਆਣ ਕਮਿਸ਼ਨ ਤੇ ਸਰਕਾਰ ਦੇ ਲੋਕ ਕਰ ਰਹੇ ਹਨ, ਉਹ ਉਨ੍ਹਾਂ ਦਾ ਆਪਣਾ ਪੋਤਰਾ ਹੈ। ਕਿਸੇ ਵੀ ਬੱਚੇ ਤੇ ਨੌਜਵਾਨ ਵਿੱਚ ਸਿਆਸਤ ਦੇ ਗੁਣ ਪਰਵਾਰ ਤੋਂ ਮਿਲਦੇ ਹਨ, ਇਸ ਲਈ ਕਮਿਸ਼ਨ ਅਤੇ ਸਰਕਾਰ ਨੂੰ ਇਸ ਬੱਚੇ ਦੀ ਜ਼ਿਆਦਾ ਚਿੰਤਾ ਕਰਨ ਦੀ ਜ਼ਰੂਰਤ ਨਹੀਂ।

ਵਰਣਨ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਹਰਿਆਣਾ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਕਾਂਗਰਸ ਪਾਰਟੀ ਨੇ ਭਰਤੀ ਟੈੱਸਟ ਦੇ ਪੇਪਰ ਲੀਕੇਜ, ਨਕਲ, ਮਹਿੰਗਾਈ, ਬੇਰੋਜ਼ਗਾਰੀ ਅਤੇ ਭ੍ਰਿਸ਼ਟਾਚਾਰ ਸਮੇਤ ਇੱਕ ਮੁੱਦਿਆਂ ਨੂੰ ਆਧਾਰ ਬਣਾ ਕੇ ਵਿਧਾਨ ਸਭਾ ਤਕ ਪੈਦਲ ਮਾਰਚ ਕੀਤਾ ਸੀ। ਇਸ ਦੀ ਅਗਵਾਈ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਕਰ ਰਹੇ ਸਨ। ਇਸ ਪੈਦਲ ਮਾਰਚ ਵਿੱਚ ਇੱਕ ਰਿਕਸ਼ਾ ਵੀ ਸੀ, ਜਿਸ ਉੱਤੇ ਇੱਕ ਛੋਟਾ ਬੱਚਾ ਬੈਠਾ ਹੋਇਆ ਸੀ ਅਤੇ ਉਸ ਦੇ ਹੱਥ ਵਿੱਚ ਪੇਪਰ ਤੇ ਪੈਨ ਸੀ। ਰਿਕਸ਼ਾ ਦੇ ਨਾਲ ਵਿਧਾਇਕ ਸ਼ਕੁੰਤਲਾ ਖਟਕ ਨਾਅਰੇਬਾਜ਼ੀ ਕਰਦੇ ਹੋਏ ਚੱਲ ਰਹੀ ਸੀ। ਬੱਚੇ ਦੇ ਹੱਥ ਵਿੱਚ ਪੇਪਰ ਅਤੇ ਪੈਨ ਦੇ ਕੇ ਕਾਂਗਰਸ ਇਹ ਸੰਦੇਸ਼ ਦੇਣਾ ਚਾਹੁੰਦੀ ਸੀ ਕਿ ਸੂਬੇ ਵਿੱਚ ਨਕਲ ਤੇ ਪੇਪਰ ਲੀਕੇਜ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਨੌਜਵਾਨਾਂ ਦਾ ਭਵਿੱਖ ਬਰਬਾਦ ਹੋ ਰਿਹਾ ਹੈ।

## ਨਕਸਲੀ ਹਮਲੇ ਵਿੱਚ ਆਈ ਟੀ ਬੀ ਪੀ ਦੇ ਦੋ ਪੁਲਸ ਕਰਮੀ ਮਾਰੇ ਗਏ

ਨਾਰਾਇਣਪੁਰ, 22 ਅਗਸਤ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਕਸਲਵਾਦ ਤੋਂ ਪ੍ਰਭਾਵਿਤ ਨਾਰਾ- ਇਣਪੁਰ ਜ਼ਿਲ੍ਹੇ ਵਿੱਚ ਨਕਸਲੀ ਹਮਲੇ ਵਿੱਚ ਭਾਰਤ-ਤਿਬਤਸੀਮਾ ਪੁਲਸ (ਆਈ ਟੀ ਬੀ ਪੀ) ਦੇ ਦੋ ਪੁਲਸ ਮਾਰੇ ਗਏ ਹਨ। ਨਾਰਾਇਣਪੁਰ ਜ਼ਿਲ੍ਹੇ ਦੇ ਪੁਲਸ ਅਧਿਕਾਰੀਆਂ ਨੇ ਕੱਲ੍ਹ ਇੱਥੇ ਦੱਸਿਆ ਕਿ ਜ਼ਿਲ੍ਹੇ ਦੇ ਛੋਟੇ ਡੋਂਗਰ ਥਾਣਾ ਖੇਤਰ ਦੇ ਅਧੀਨ ਆਈ ਟੀ ਬੀ ਪੀ ਦੇ ਕੜੇਮੇਟਾ ਕੈਂਪ ਦੇ ਨੇੜੇ ਮਾਉਵਾਦੀਆਂ ਨੇ ਸੁਰੱਖਿਆ ਕਰਮੀਆਂ ਉੱਤੇ ਹਮਲਾ ਕਰ ਦਿੱਤਾ ਤਾਂ ਇਸ ਵਿੱਚ ਲਾਂਸ ਨਾਇਕ ਸੁਧਾਕਰ ਸ਼ਿੰਦੇ (ਨਾਂਦੇੜ੍ਹ ਮਹਾਰਾਸ਼ਟਰ) ਅਤੇ ਏ ਐੱਸ ਆਈ ਗੁਰਮੁਖ ਸਿੰਘ ਵਾਸੀ ਪੰਜਾਬ ਦੇ ਜਗਰਾਵਾਂ ਦੇ ਪਿੰਡ ਝੋਰੜਾ ਮਾਰੇ ਗਏ। ਪੁਲਸ ਅਧਿਕਾਰੀਆਂ ਮੁਤਾਬਕ ਦੁਪਹਿਰ ਲੱਗਭਗ 12.10 ਵਜੇ ਆਈ ਟੀ ਬੀ ਪੀ ਦੀ 45ਵੀਂ ਬਟਾਲੀਅਨ ਦੀ ਈ-ਕੰਪਨੀ ਨੂੰ ਗਸ਼ਤ ਉੱਤੇ ਰਵਾਨਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਫੋਰਸ ਦੇ ਜਵਾਨ ਜਦੋਂ ਕੈਂਪ ਤੋਂ 600 ਮੀਟਰ ਦੀ ਦੂਰ ਸਨ ਤਾਂ ਨਕਸਲੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਹਮਲੇ ਵਿੱਚ ਸ਼ਿੰਦੇ ਅਤੇ ਸਿੰਘ ਮਾਰੇ ਗਏ। ਹਮਲੇ ਪਿੱਛੋਂ ਮਾਉਵਾਦੀ ਇੱਕ ਏ ਕੇ-47, ਦੋ ਬੁਲੇਟ ਪਰੂਫ ਜੈਕੇਟ ਅਤੇ ਇੱਕ ਵਾਇਰਲੈਸ ਸੈਟ ਲੁੱਟ ਕੇ ਲੈ ਗਏ।

## ਕੇਂਦਰੀ ਮੰਤਰੀ ਜਦੋਂ 'ਸ਼ਹੀਦ' ਹੋਏ ਥਾਂ ਕਿਸੇ ਹੋਰ ਜਵਾਨ ਦੇ ਘਰ ਦੁੱਖ ਪ੍ਰਗਟ ਕਰਨ ਜਾ ਵੜਿਆ

ਬੰਗਲੌਰ, 22 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਸਮਾਜਕ ਨਿਆਂ ਅਤੇ ਸ਼ਕਤੀਕਰਨ ਬਾਰੇ ਰਾਜ ਮੰਤਰੀ ਨਾਰਾਇਣ ਸਵਾਮੀ ਪਰਸੋਂ ਏਥੇ ਫੌਜ ਦੇ ਇੱਕ ਸ਼ਹੀਦ ਹੋਏ ਜਵਾਨ ਦੇ ਘਰ ਜਾਣ ਦੀ ਬਜਾਏਜ਼ਿੰਦਾ ਜਵਾਨ ਦੇ ਘਰ ਦੁੱਖ ਸਾਂਝਾ ਕਰਨ ਜਾ ਵੜੇ। ਇੱਥੇ ਹੀ ਬਸ ਨਹੀਂ, ਉਨ੍ਹਾਂ 'ਮ੍ਰਿਤਕ' ਜਵਾਨ ਦੇ ਵਾਰਸ ਲਈ ਨੌਕਰੀ ਤੇ ਜ਼ਮੀਨ ਦੇਣ ਦਾ ਐਲਾਨ ਵੀ ਕਰ ਦਿੱਤਾ। ਘਰ ਵਾਲਿਆਂ ਨੂੰ ਹੈਰਾਨ ਦੇਖ ਕੇ ਗਲਤੀ ਦਾ ਪਤਾ ਲੱਗਾ ਤਾਂ ਵਾਪਸ ਚਲੇ ਗਏ। ਅਸਲ ਵਿੱਚ ਕੇਂਦਰੀ ਰਾਜ ਮੰਤਰੀ ਨਾਰਾਇਣ ਸਵਾਮੀ ਨੂੰ ਭਾਜਪਾ ਦੇ ਸਥਾਨਕ ਆਗੂਆਂ ਨੇ ਗਲਤ ਰਾਹ ਪਾ ਦਿੱਤਾ ਸੀ। ਇਹ ਘਟਨਾ ਬੀਤੇ ਵੀਰਵਾਰ ਦੀ ਹੈ, ਜਦੋਂ ਉਹ 'ਜਨ ਅਸ਼ੀਰਵਾਦ ਯਾਤਰਾ' ਲਈ ਗਡਾਗ ਜ਼ਿਲ੍ਹੇ ਵਿੱਚ ਸਨ।ਮੋਦੀ ਸਰਕਾਰ ਵਿੱਚ ਨਵੇਂ ਸ਼ਾਮਲ ਹੋਏ ਕੇਂਦਰੀ ਰਾਜ ਮੰਤਰੀ ਨਾਰਾਇਣ ਸਵਾਮੀ ਨੂੰ ਰਵੀ ਕੁਮਾਰ ਕੱਟੀਮਾਨੀ, ਜਿਹੜਾ ਜੰਮੂ-ਕਸ਼ਮੀਰ ਵਿੱਚ ਤੈਨਾਤ ਹਨ, ਦੇ ਘਰ ਲਿਜਾਇਆ ਗਿਆ, ਪਰ ਅਸਲ ਵਿੱਚ ਮੰਤਰੀਨੇ ਪਿਛਲੇ ਸਾਲ ਪੁਣੇ ਵਿੱਚ ਲੜਦੇ ਹੋਏ ਜਾਨ ਵਾਰ ਗਏ ਜਵਾਨ ਬਸਵਾਰਾਜ ਹੀਰੇਮੱਥ ਦੇ ਘਰ ਵੱਲ ਜਾਣਾ ਸੀ। ਨਾਰਾਇਣ ਸਵਾਮੀਪਾਰਲੀਮੈਂਟ ਮੈਂਬਰ ਸ਼ਿਵ ਕੁਮਾਰ ਉਦਾਸੀ ਨਾਲ ਇੱਥੇ ਪੁੱਜੇ ਸਨ। ਉਨ੍ਹਾਂ ਨੂੰ ਦੇਖ ਕੇ ਅਗਲੇ ਪਰਵਾਰ ਵਾਲੇ ਹੈਰਾਨ ਰਹਿ ਗਏ। ਇਸ ਦੌਰਾਨ ਕੇਂਦਰੀ ਮੰਤਰੀ ਨੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਤਾਂ ਪਰਵਾਰ ਵਾਲੇ ਹੱਕੇ-ਬੱਕੇ ਰਹਿ ਗਏ। ਆਪਣੀ ਗਲਤੀ ਦਾ ਅਹਿਸਾਸ ਹੋਣ ਉੱਤੇ ਸਥਾਨਕ ਭਾਜਪਾ ਵਰਕਰ ਨੇ ਕੇਂਦਰੀ ਮੰਤਰੀ ਦੀ ਮ੍ਰਿਤਕ ਜਵਾਨ ਦੇ ਪਰਵਾਰ ਨਾਲ ਵੀਡੀਓ ਕਾਲ ਕਰ ਕੇ ਗੱਲ ਕਰਵਾਈ ਅਤੇ ਉਨ੍ਹਾਂ ਨੇ ਉਸ ਜਵਾਨ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ।

ਪਾਰਟੀ ਸੂਤਰਾਂ ਮੁਤਾਬਕ ਮੰਤਰੀ ਨੇ ਬਾਅਦ ਵਿੱਚ ਪਰਵਾਰ ਬਾਰੇ ਗਲਤ ਸੂਚਨਾ ਦੇਣ ਵਾਲੇ ਭਾਜਪਾ ਆਗੂਆਂ ਦੀ ਕਾਫੀ ਝਾੜ-ਝੰਬ ਕੀਤੀ। ਇਸ ਦੌਰਾਨ ਜ਼ਿੰਦਾ ਜਵਾਨ ਦੀ ਪਤਨੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੋ ਗਿਆ ਸੀ ਕਿ ਮੰਤਰੀ ਨੂੰ ਕਿਸੇ ਨੇ ਗਲਤ ਸੂਚਨਾ ਦੇ ਦਿੱਤੀ ਹੈ।

## ਰੱਖੜੀ ਤੋਂ ਪਹਿਲਾਂ ਭੈਣਾਂ ਨੇ ਆਪਣੇ ਭਰਾ ਲਈ ਲਿਵਰ ਦੇ ਕੇ ਉਸ ਦੀ ਜਾਨ ਬਚਾਈ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਰੱਖੜੀ ਤੋਂ ਇੱਕ ਦਿਨ ਪਹਿਲਾਂ ਭਰਾ ਅਤੇ ਭੈਣਾਂ ਦੇ ਅਟੁੱਟ ਪਿਆਰ ਦੀ ਇੱਕ ਅਨੋਖੀ ਮਿਸਾਲ ਸਾਹਮਣੇ ਆਈ ਹੈ, ਜਿੱਥੇ ਲੀਵਰ ਦੇ ਕੰਮ ਨਾ ਕਰਨ ਕਰ ਕੇ ਗੰਭੀਰ ਬਿਮਾਰ 14 ਸਾਲ ਦੇ ਇੱਕ ਲੜਕੇ ਨੂੰ ਉਸ ਦੀਆਂ ਦੋ ਵੱਡੀਆਂ ਭੈਣਾਂ ਨੇ ਆਪਣੇ ਅੰਗ-ਦਾਨ ਕਰ ਕੇ ਨਵਾਂ ਜੀਵਨ ਦਿੱਤਾ ਹੈ। ਡਾਕਟਰਾਂ ਨੇ ਕੱਲ੍ਹ ਇਸ ਚੁਣੌਤੀਪੂਰਨ ਟਰਾਂਸਪਲਾਂਟ ਸਰਜਰੀ ਦੇ ਬਾਰੇ ਜਾਣਕਾਰੀ ਦਿੱਤੀ।

ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲੇ ਦੇ ਵਾਸੀ ਅਕਸ਼ਤ ਦੀ ਗੁੜਗਾਓਂ ਦੇ ਇੱਕ ਨਿੱਜੀ ਹਸਪਤਾਲ ਵਿੱਚ ਬੀਤੇ ਦਿਨੀਂ ਸਰਜਰੀ ਹੋਈ ਹੈ ਅਤੇ ਹਸਪਤਾਲ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਹ ਕਿਸੇ ਬੱਚੇ ਲਈ ਦੇਸ਼ ਦਾ ਪਹਿਲਾ ਅਜਿਹਾ ਲੀਵਰ ਟਰਾਂਸਪਲਾਂਟ ਹੈ, ਜਿਸ ਵਿੱਚ ਦੋ ਜਣਿਆਂ ਨੇ ਅੰਗਦਾਨ ਕੀਤਾ ਹੈ। ਰੱਖੜੀ ਤੋਂ ਇੱਕ ਦਿਨ ਪਹਿਲਾਂ ਅਕਸ਼ਤ ਅਤੇ ਉਸ ਦੀਆਂ ਭੈਣਾਂ ਨੇਹਾ (29) ਅਤੇ ਪ੍ਰੇਰਨਾ (22) ਨੇ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਮੇਦਾਂਤਾ ਹਸਪਤਾਲ ਦੇ ਕੁਝ ਡਾਕਟਰ ਵੀ ਮੌਜੂਦ ਸਨ, ਜਿੱਥੇ ਜੁਲਾਈ ਮਹੀਨੇ ਵਿੱਚ ਇਹ ਸਰਜਰੀ ਹੋਈ ਸੀ।

ਅਕਸ਼ਤ ਦੀਆਂ ਦੋਵਾਂ ਭੈਣਾਂ ਦਾ ਵਜ਼ਨ ਉਮੀਦ ਤੋਂ ਘੱਟ ਹੈ। ਇਸ ਲਈ ਉਸ ਨੂੰ ਦੋਵਾਂ ਭੈਣਾਂ ਦੇ ਅੱਧੇ-ਅੱਧੇ ਲੀਵਰ ਦੀ ਜ਼ਰੂਰਤ ਸੀ। ਇਸ ਵੇਲੇ ਅਕਸ਼ਤ ਦਾ ਵਜਨ 65 ਕਿਲੋਗਰਾਮ ਹੈ। ਡਾਕਟਰਾਂ ਦਾ ਦਾਅਵਾ ਹੈ ਕਿ ਉਹ ਤੇ ਉਸ ਦੀਆਂ ਭੈਣਾਂ ਸਰਜਰੀ ਪਿੱਛੋਂਤੰਦਰੁਸਤ ਹੋਰਹੀਆਂ ਹਨ ਅਤੇ ਕਰੀਬ ਇੱਕ ਮਹੀਨੇ ਬਾਅਦ ਨਾਰਮਲ ਜੀਵਨ ਜੀਣਗੇ।

## ਤਾਲਿਬਾਨ ਦਾ ਪਹਿਲਾ ਫਤਵਾ, ਹੇਰਾਤ ਸੂਬੇ ਵਿੱਚ ਕੋ-ਐਜੂਕੇਸ਼ਨ ਉਤੇ ਪਾਬੰਦੀ ਲਾਈ ਗਈ

ਕਾਬੁਲ, 22 ਅਗਸਤ (ਪੋਸਟ ਬਿਊਰੋ)- ਔਰਤਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਦੇ ਆਪਣੇ ਵਾਅਦੇ ਉੱਤੇ ਤਾਲਿਬਾਨ ਇੱਕ ਹਫਤਾ ਵੀ ਨਹੀਂ ਟਿਕ ਸਕਿਆ। ਕਾਬੁਲ ਉੱਤੇ ਕਬਜ਼ੇ ਦੇ ਬਾਅਦ ਆਪਣੇ ਪਹਿਲੇ ਫਤਵੇ ਵਿੱਚ ਤਾਲਿਬਾਨ ਨੇ ਹੇਰਾਤ ਸੂਬੇ ਵਿੱਚ ਸਾਰੇ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਸਹਿ-ਸਿੱਖਿਆ (ਕੋ-ਐਜੂਕੇਸ਼ਨ) ਯਾਨੀ ਲੜਕੇ ਅਤੇ ਲੜਕੀਆਂ ਦੇ ਇਕੱਠੇ ਪੜ੍ਹਨ ਉੱਤੇ ਰੋਕ ਲਾ ਦਿੱਤੀ ਹੈ। ਤਾਲਿਬਾਨ ਨੇ ਸਹਿ-ਸਿੱਖਿਆ ਨੂੰ ਸਮਾਜ ਵਿੱਚ ਸਾਰੀਆਂ ਬੁਰਾਈਆਂ ਦੀ ਵੱਡੀ ਜੜ੍ਹ ਵੀ ਦੱਸਿਆ ਹੈ।

ਖਬਰ ਏਜੰਸੀ ਦੀ ਰਿਪੋਰਟ ਮੁਤਾਬਕ ਤਾਲਿਬਾਨ ਨੇਤਾਵਾਂ ਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਤੇ ਨਿੱਜੀ ਸੰਸਥਾਵਾਂ ਦੇ ਮਾਲਕਾਂ ਵਿਚਾਲੇ ਬੈਠਕ ਵਿੱਚ ਕੋ-ਐਜੂਕੇਸ਼ਨ ਉੱਤੇ ਰੋਕ ਲਾਉਣ ਦਾ ਫੈਸਲਾ ਹੋਇਆ ਹੈ। ਅਜੇ ਪਿਛਲੇ ਮੰਗਲਵਾਰ ਨੂੰ ਹੀ ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜ਼ਾਹਿਦ ਨੇ ਆਪਣੀ ਪਹਿਲੀ ਕਾਨਫਰੰਸ ਵਿੱਚ ਵਾਅਦਾ ਕੀਤਾ ਸੀ ਕਿ ਤਾਲਿਬਾਨ ਇਸਲਾਮੀ ਕਾਨੂੰਨ ਹੇਠ ਮਿਲੇ ਔਰਤਾਂ ਦੇ ਅਧਿਕਾਰਾਂ ਦਾ ਸਨਮਾਨ ਕਰੇਗਾ। ਪ੍ਰੋਫੈਸਰਾਂ ਅਤੇ ਨਿੱਜੀ ਵਿਦਿਅਕ ਅਦਾਰਿਆਂ ਦੇ ਮਾਲਕਾਂ ਨਾਲ ਤਿੰਨ ਘੰਟੇ ਚੱਲੀ ਬੈਠਕ ਵਿੱਚ ਤਾਲਿਬਾਨ ਦੇ ਵਫਦ ਮੁੱਲਾ ਫਰੀਦ ਨੇ ਸਪੱਸ਼ਟ ਕਿਹਾ ਕਿ ਇਸ ਦਾ ਕੋਈ ਬਦਲ ਨਹੀਂ ਅਤੇ ਕੋ-ਐਜੂਕੇਸ਼ਨ ਬੰਦ ਕਰਨਾ ਹੋਵ-ੇਗਾ। ਮੁੱਲਾ ਫਰੀਦ ਅਫਗਾਨਿਸਤਾਨ ਦੀ ਉਚ ਸਿਖਿਆ ਦਾ ਪ੍ਰਮੁੱਖ ਵੀ ਹੈ। ਉਸ ਨੇ ਕਿਹਾ ਕਿ ਔਰਤ ਟੀਚਰਾਂ ਨੂੰ ਸਿਰਫ ਵਿਦਿਆਰਥਣਾਂ ਨੂੰ ਪੜ੍ਹਾਉਣ ਦੀ ਆਗਿਆ ਹੋਵੇਗੀ, ਵਿਦਿਆਰਥੀਆਂ ਨੂੰ ਨਹੀਂ।

## ਆਸਟਰੇਲੀਆ ਵਿੱਚ ਲਾਕਡਾਊਨ ਦੇ ਖਿਲਾਫ ਪ੍ਰਦਰਸ਼ਨ, 250 ਤੋਂ ਵੱਧ ਲੋਕ ਗ੍ਰਿਫਤਾਰ

ਸਿਡਨੀ, 22 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਾਏ ਗਏ ਲਾਕਡਾਊਨ ਦਾ ਵਿਰੋਧ ਕਰਦੇ 250 ਤੋਂ ਵੱਧ ਲੋਕਾਂ ਨੂੰ ਕੱਲ੍ਹ ਗ੍ਰਿਫਤਾਰ ਕਰ ਲਿਆ ਗਿਆ ਤੇ ਉਨ੍ਹਾਂ ਵਿੱਚੋਂ ਕਈਆਂ ਉੱਤੇ ਸਿਹਤ ਸਬੰਧੀ ਹੁਕਮਾਂ ਦਾ ਉਲੰਘਣ ਕਰਨ ਦੇ ਲਈ ਜੁਰਮਾਨਾ ਲਾਇਆ ਗਿਆ ਹੈ।



ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਕੁਝ ਪ੍ਰਦਰਸ਼ਨਾਂ ਵਿੱਚ ਝੜਪ ਹੋਣ ਕਰਨ ਸੱਤ ਪੁਲਸ ਅਫਸਰਾਂ ਨੂੰ ਸੱਟਾਂ ਵੀ ਲੱਗੀਆਂ ਹਨ। ਇਹ ਪ੍ਰਦਰਸ਼ਨ ਸਾਰੇ ਦੇਸ਼ ਦੇ ਕਈ ਸ਼ਹਿਰਾਂ ਵਿੱਚ ਹੋਏ ਸਨ। ਸਭ ਤੋਂ ਵੱਡਾ ਅਤੇ ਹਿੰਸਕ ਪ੍ਰਦਰਸ਼ਨ ਮੈਲਬੋਰਨ ਵਿੱਚ ਹੋਇਆ। ਸਿਡਨੀ ਵਿੱਚ ਦੋ ਮਹੀਨੇ ਤੋਂ ਲਾਕਡਾਊਨ ਲੱਗਾ ਹੋਇਆ ਹੈ, ਜਦ ਕਿ ਮੈਲਬੋਰਨ ਤੇ ਰਾਜਧਾਨੀ ਕੈਨਬਰਾ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਲਾਕਡਾਊਨ ਲਾਇਆ ਗਿਆ। ਲਾਕਡਾਊਨ ਦੇ ਨਿਯਮਾਂ ਹੇਠ ਲੋਕ ਘਰਾਂ ਵਿੱਚ ਬੰਦ ਹਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਉੱਤੇ ਕਈ ਪਾਬੰਦੀਆਂ ਹਨ। ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਸਿਡਨੀ ਦੇ ਨਿਊ ਸਾਊਥ ਵੇਲਸ ਸੂਬੇ ਵਿੱਚ ਕੱਲ੍ਹ ਇੱਕ ਦਿਨ ਵਿੱਚ ਕੋਰੋਨਾ ਦੇ ਸਭ ਤੋਂ ਵੱਧ 825 ਨਵੇਂ ਕੇਸ ਸਾਹਮਣੇ ਆਏ। ਕਈ ਸ਼ਹਿਰਾਂ ਵਿੱਚ ਜ਼ਿਆਦਾ ਇਨਫੈਕਸ਼ਨ ਵਾਲੇ ਡੈਲਟਾ ਦੇ ਮਾਮਲੇ ਸਾਹਮਣੇ ਆ ਰਹੇ ਹਨ।




## 10 ਕਿਲੋਮੀਟਰ ਪੈਦਲ ਚਾਲ ਵਿੱਚ ਅਮਿਤ ਖੱਤਰੀ ਨੇ ਚਾਂਦੀ ਦਾ ਤਮਗਾ ਜਿੱਤਿਆ

ਨੈਰੋਬੀ, 22 ਅਗਸਤ (ਪੋਸਟ ਬਿਊਰੋ)- ਭਾਰਤੀ ਪੈਦਲ ਚਾਲ ਅਥਲੀਟ ਅਮਿਤ ਖੱਤਰੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨੈਰੋਬੀ ਦੇ ਕਸਾਰਾਨੀ ਸਟੇਡੀਅਮ ਵਿੱਚ ਅੰਡਰ-20 ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਮਰਦਾਂ ਦੇ 10 ਕਿਲੋਮੀਟਰ ਮੁਕਾ-ਬਲੇ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਹੈ। ਖਤਰੀ ਨੇ 42-17.94 ਮਿੰਟ ਸਮੇਂ ਨਾਲ ਚਾਂਦੀ ਦਾ ਤਮਗਾ ਜਿੱਤਿਆ। ਆਖਰੀ ਦੋ ਲੈਪ ਵਿੱਚ ਕੀਨੀਆ ਦੇ



ਹੈਰਿਸਟੋਨ ਵਾਨਿਓਨੀ ਦੇ ਅੱਗੇ ਨਿਕਲਣ ਤੋਂ ਪਹਿਲਾਂ ਉਹ ਇਸ ਮੁਕਾਬਲੇ ਵਿੱਚ ਸਭ ਤੋਂ ਅੱਗੇ ਚੱਲ ਰਿਹਾ ਸੀ। ਆਖਰ ਵਾਨਿਓਨੀ ਨੇ 42-10.84 ਮਿੰਟ ਸਮੇਂ ਨਾਲ ਸੋਨ ਤਮਗਾ ਜਿੱਤਿਆ। ਸਪੇਨ ਦੇ ਪਾਲ ਮੈਕਗ੍ਰਾਥ ਨੇ 42-31.11 ਮਿੰਟ ਦੇ ਸਮੇਂ ਦੇ ਨਾਲ ਤਾਂਬੇ ਦਾ ਤਮਗਾ ਜਿੱਤਿਆ।

ਅਮਿਤ ਨੇ ਕਿਹਾ, ਕਿਉਂਕਿ ਇਹ ਉਚਾਈ ਵਾਲਾ ਸਥਾਨ ਹੈ, ਇਸ ਲਈ ਮੇਰੇ ਲਈ ਸਾਹ ਲੈਣ ਦੀ ਸਮੱਸਿਆ ਸੀ। ਮੈਂ ਚਾਂਦੀ ਦੇ ਤਮਗੇ ਤੋਂ ਖੁਸ਼ ਹਾਂ, ਘੱਟੋ-ਘੱਟ ਮੈਂ ਭਾਰਤ ਦੀਆਂ ਆਸਾਂ ਨੂੰ ਪੂਰਾ ਕਰ ਸਕਿਆ।



